

ਇਕਵਿੰਦਰ ਸਿੰਘ

ਇਕਵਿੰਦਰ ਸਿੰਘ ਦਾ ਗ਼ਜ਼ਲ ਦੇ ਖੇਤਰ ਵਿਚ ਅਸਲੋਂ ਨਵਾਂ ਨਾਮ ਨਹੀਂ ਜਦੋਂ ਇਸ ਦਾ ਪਹਿਲਾ ਗ਼ਜ਼ਲ ਸੰਗ੍ਰਹਿ 'ਪਾਣੀ ਮੈਲ਼ਾ ਮਿੱਟੀ ਗੋਰੀ' ਪ੍ਰਕਾਸ਼ਿਤ ਹੋਇਆ ਸੀ ਤਾਂ ਇਸ ਦੇ ਨਾਲ ਹੀ ਇਹ ਵੀ ਨਿਸ਼ਾਨਦੇਹੀ ਹੋ ਗਈ ਸੀ ਕਿ ਭਵਿੱਖ ਵਿਚ ਇਕਵਿੰਦਰ ਸਿੰਘ ਚੰਗੇ ਅਤੇ ਅਤਿ-ਸੰਵੇਦਨਸ਼ੀਲ ਗ਼ਜ਼ਲਕਾਰਾਂ ਦੀ ਕਤਾਰ ਵਿਚ ਆਪਣਾ ਨਾਮ ਦਰਜ ਕਰਵਾਏਗਾ। ਇਕਵਿੰਦਰ ਸਿੰਘ ਦੀ ਗ਼ਜ਼ਲ ਨੇ ਸਾਡੇ ਸੁਪਨਿਆਂ ਨੂੰ ਤਾਬੀਰ ਬਖ਼ਸ਼ੀ ਹੈ।

ਪਹਿਲੀ ਨਜ਼ਰ ਤੋਂ ਹੀ ਇਹ ਅਹਿਸਾਸ ਹੋ ਜਾਂਦਾ ਹੈ ਕਿ ਆਪਣੀ ਹਰ ਗ਼ਜ਼ਲ ਵਿਚ ਹਰ ਪਹਿਲੂ ਤੋਂ ਇਕਵਿੰਦਰ ਸਿੰਘ ਦਾ ਬਿਆਨ ਤਿੱਖਾ ਅਤੇ ਸਪੱਸ਼ਟ ਹੈ। ਉਹ ਬਹੁਪੱਖੀ ਚੇਤਨਾ ਦਾ ਗ਼ਜ਼ਲਕਾਰ ਹੈ। ਭਾਵੇਂ ਉਸ ਦੀ ਭਾਸ਼ਾ ਸਾਦੀ ਅਤੇ ਸਰਲ ਹੈ ਪਰ ਉਸ ਦੀ ਬਣਤਰ ਡੂੰਘੀ ਅਤੇ ਸਲੀਕੇਦਾਰ ਹੈ।

ਅਮਰੀਕ ਡੋਗਰਾ

5 ਆਬ
Parkashan, Jalandhar
*1-2 Desh Bhagat Yadgar Building*
*G.T. Road, Jalandhar, Punjab, India*
*Phone : 98140-87063*
*5aabparkashan@gmail.com*
*www.5aabparkashan.com*


ISBN : 978-93-88817-17-2
₹ 100

ਜ਼ਿੰਦਗੀ ਨੇ ਪੈਲ ਪਾਈ (ਗ਼ਜ਼ਲ ਸੰਗ੍ਰਹਿ) ਇਕਵਿੰਦਰ ਸਿੰਘ

5 ਆਬ

# ਜ਼ਿੰਦਗੀ ਨੇ ਪੈਲ ਪਾਈ

(ਗ਼ਜ਼ਲ ਸੰਗ੍ਰਹਿ)



ਇਕਵਿੰਦਰ ਸਿੰਘ

# ਜ਼ਿੰਦਗੀ ਨੇ ਪੈਲ ਪਾਈ

(ਗ਼ਜ਼ਲ ਸੰਗ੍ਰਹਿ)

*ਇਸੇ ਕਲਮ ਤੋਂ :-*

- ਪਾਣੀ ਮੈਲ਼ਾ ਮਿੱਟੀ ਗੋਰੀ (ਗ਼ਜ਼ਲ ਸੰਗ੍ਰਹਿ)
- ਅੰਬ ਦੁਸਹਿਰੀ ਚੂਪਣ ਆਇਓ (ਸੰਪਾਦਤ ਗ਼ਜ਼ਲ ਸੰਗ੍ਰਹਿ)
- ਜ਼ੁਬਾਨ ਫੁੱਲਾਂ ਦੀ (ਗ਼ਜ਼ਲ ਸੰਗ੍ਰਹਿ)

# ਜ਼ਿੰਦਗੀ ਨੇ ਪੈਲ ਪਾਈ

(ਗ਼ਜ਼ਲ ਸੰਗ੍ਰਹਿ)

**ਇਕਵਿੰਦਰ ਸਿੰਘ**

5 ਆਬ
ਪ੍ਰਕਾਸ਼ਨ, ਜਲੰਧਰ

# ZINDAGI NE PAIL PAAI

(Punjabi Ghazals)

*by*

**IKWINDER SINGH**
YUBA CITY
CALIFORNIA-USA
E-mail: ikwindersingh@yahoo.co.in
+1 530 315 9207

**Pur Hiran**
**Hoshiarpur City**
**India**

© ਲੇਖਕ

*ISBN : 978-93-88817-17-2*

ਪਹਿਲੀ ਵਾਰ: 2019

ਕੀਮਤ : 100/-

**ਪ੍ਰਕਾਸ਼ਕ: 5 ਆਬ ਪ੍ਰਕਾਸ਼ਨ**
1-2 ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ
ਫ਼ੋਨ: 98140-87063
5aabparkashan@gmail.com www. 5aabparkashan.com

ਟਾਈਪ ਸੈਟਿੰਗ: ਵੈਕ ਕੰਪਿਊਟਰਜ਼, ਜਲੰਧਰ

ਪ੍ਰਿੰਟਰਜ਼: 5ਆਬ ਪ੍ਰਿੰਟਰਜ਼ ਜਲੰਧਰ

ਜ਼ਿੰਦਗੀ ਨੇ ਪੈਲ ਪਾਈ!
ਬੜੀ ਹੀ ਗੁਸੈਲ ਪਾਈ!
**-ਇਕਵਿੰਦਰ ਸਿੰਘ**

## ਤਰਤੀਬ


- ਸੋਚਾਂ ਦੀਆਂ ਚਿੰਗਾਰੀਆਂ ਵਾਲੀ ਸ਼ਾਇਰੀ/*ਅਮਰੀਕ ਡੋਗਰਾ* 08
- ਜ਼ਿੰਦਗੀ ਨੇ ਪੈਲ ਪਾਈ 13
- ਮੇਰੀ ਗੱਲ ਤਾਂ 14
- ਪਿਆਰੇ-ਪਿਆਰੇ ਬਟਨ 16
- ਬਹਿਰਾਂ ਦੇ ਨਾਂ 17
- ਅਪਣੇ ਘਰ ਵਿਚ ਬੇਗਾਨਾ 18
- ਜ਼ਰਾ ਦਿਲ ਕੋਲ ਆ ਕੇ 19
- ਤੁਸੀਂ ਸੁੱਤੇ ਹੋ 20
- ਕਦੇ ਆਏਗਾ ਹੀ 21
- ਇਸ਼ਕ ਇਹ ਸੌਖਾ ਨਹੀਂ 22
- ਤੂੰ ਨਾ ਬੋਲੇਂ 25
- ਦੁਨੀਆ ਨੇ ਖ਼ੁਸ਼ 26
- ਝੌਂਪੜੀਆਂ ਨੇ ਰੋਣਾ ਏਂ 28
- ਨਿੱਤ-ਨਿੱਤ 31
- ਮੁਹੱਬਤ ਕਦੇ ਵੀ 32
- ਲੱਭਦੇ ਫਿਰਨ 34
- ਸੱਚੀ ਗੱਲ ਹੋਵੇ 35
- ਖੋਲ੍ਹ ਦਿਉ ਮੈਖ਼ਾਨੇ 36
- ਆਪ ਨੂੰ ਅਪਣਾ 38
- ਅਸਾਡੇ ਕੋਲ ਹੀਲਾ 39
- ਗੋਲ ਧਰਤੀ ਹੈ 40
- ਹੁਸਨ ਹੋਣਾ 41
- ਘੜੀ ਭਰ ਅਪਣੀਆਂ 42
- ਚਿੱਠੀ ਬਹੁਤ ਪੁਰਾਣੀ 44
- ਹਰ ਕੋਈ ਜਿਸ ਤੋਂ 46
- ਸਾਡੇ ਵਾਂਗਰ 47
- ਪੰਛੀਆਂ ਦੇ ਵਿਚੋਲੇ 48
- ਦਿਲਾਂ 'ਚੋਂ ਪਿਆਰ 50
- ਗੁਲਦਸਤਾ-ਗੁਲਜ਼ਾਰ 51
- ਦਿਨ-ਰਾਤ ਬੈਠਦੇ ਸੀ 52
- ਪ੍ਰੇਮ-ਪਿਆਲਾ 54
- ਲੋਕਾਂ ਨੂੰ ਕੁਛ ਰਾਜ਼ੀ 56
- ਮੇਰੀ ਦੁਨੀਆ 57
- ਤੂੰ ਕਦੇ ਵੀ 58
- ਯਾਦ ਖ਼ੁਸ਼ਬੂ ਹੈ 59
- ਟਹਿਲਦੇ-ਟਹਿਲਦੇ 60
- ਪਪੀਹਾ ਬੋਲਦਾ ਹੈ 62
- ਲੋਕ ਮਰਦੇ 64
- ਅੱਜ ਲੰਮੀ-ਚੌੜੀ 67
- ਮਹਿਫ਼ਿਲ 'ਚ ਲੋਕ 68
- ਤੇਰੇ ਰੁਖ਼ਸਾਰ ਦਾ 69
- ਤੂੰ ਨਜ਼ਮਾਂ ਦੀ ਨਹਿਰ 70
- ਮਛਲੀਆਂ ਪਾਣੀ 72
- ਗੁਲ-ਗੁਲਸ਼ਨ-ਗੁਲਫ਼ਾਮ 74
- ਸ਼ੀਸ਼ੇ ਦੀ ਗ਼ਜ਼ਲ 75
- ਆਦਮੀ ਦਾ ਬਦਲਦਾ ਕਿਰਦਾਰ 76
- ਇਵੇਂ ਸਾਥ ਤੇਰਾ 78
- ਸਮਾਂ ਖ਼ੂਬਸੂਰਤ 79
- ਮਹਿਕੀ-ਮਹਿਕੀ ਹੈ 80
- ਮਾਏਂ ਕੀ ਤੂੰ ਗੁੰਦ੍ਹਦੀ 81
- ਬੜੇ ਹੀ ਗ਼ਜ਼ਬ ਦੇ 82
- ਬੇ-ਮਤਲਬ ਤਲਵਾਰ 83
- ਪਰਿੰਦੇ ਚਹਿਚਾਉਂਦੇ ਨੇ 84
- ਜ਼ਿੰਦਗੀ ਹੈ ਕਮਾਲ 85
- ਤਿੱਤਲੀਆਂ ਫੁੱਲਾਂ ਦੇ 86
- ਤੇਰੀ ਤਸਵੀਰ 87
- ਸਾਕੀ! ਤੇਰੀ ਨਗਰੀ 88

# ਸੋਚਾਂ ਦੀਆਂ ਚਿੰਗਾਰੀਆਂ ਵਾਲੀ ਸ਼ਾਇਰੀ

ਪਿਛਲਾ ਕੁਝ ਸਮਾਂ ਪੰਜਾਬੀ ਗ਼ਜ਼ਲ-ਗੋਈ ਲਈ ਬਹੁਤ ਸੁਭਾਗਾ ਅਤੇ ਗੌਰਵਮਈ ਸਾਬਤ ਹੋਇਆ ਹੈ। ਕੁਝ ਗ਼ਜ਼ਲਕਾਰਾਂ ਨੇ ਬੇਹਤਰੀਨ ਸ਼ਿਅਰ ਲਿਖ ਕੇ ਪੰਜਾਬੀ ਗ਼ਜ਼ਲ ਦੇ ਮਿਆਰ ਵਿਚ ਜ਼ਿਕਰਯੋਗ ਵਾਧਾ ਕੀਤਾ ਹੈ। ਇਨ੍ਹਾਂ ਗ਼ਜ਼ਲਕਾਰਾਂ ਵਿਚ ਦੁਆਬੇ ਦੇ ਕਵੀ ਇਕਵਿੰਦਰ ਸਿੰਘ ਦਾ ਨਾਮ ਵੀ ਸ਼ਾਮਿਲ ਹੈ।

ਇਕਵਿੰਦਰ ਸਿੰਘ ਦਾ ਗ਼ਜ਼ਲ ਦੇ ਖੇਤਰ ਵਿਚ ਅਸਲੋਂ ਨਵਾਂ ਨਾਮ ਨਹੀਂ ਹੈ। ਜਦੋਂ ਇਸ ਦਾ ਪਹਿਲਾ ਗ਼ਜ਼ਲ ਸੰਗ੍ਰਹਿ 'ਪਾਣੀ ਮੈਲ਼ਾ ਮਿੱਟੀ ਗੋਰੀ' ਪ੍ਰਕਾਸ਼ਿਤ ਹੋਇਆ ਸੀ ਤਾਂ ਇਸ ਦੇ ਨਾਲ ਹੀ ਇਹ ਵੀ ਨਿਸ਼ਾਨਦੇਹੀ ਹੋ ਗਈ ਸੀ ਕਿ ਭਵਿੱਖ ਵਿਚ ਇਕਵਿੰਦਰ ਸਿੰਘ ਚੰਗੇ ਅਤੇ ਅਤਿ-ਸੰਵੇਦਨਸ਼ੀਲ ਗ਼ਜ਼ਲਕਾਰਾਂ ਦੀ ਕਤਾਰ ਵਿਚ ਆਪਣਾ ਨਾਮ ਦਰਜ ਕਰਵਾਏਗਾ। ਇਕਵਿੰਦਰ ਸਿੰਘ ਦੀ ਗ਼ਜ਼ਲ ਨੇ ਸਾਡੇ ਸੁਪਨਿਆਂ ਨੂੰ ਤਾਬੀਰ ਬਖ਼ਸ਼ੀ ਹੈ।

ਪਹਿਲੀ ਨਜ਼ਰ ਤੋਂ ਹੀ ਇਹ ਅਹਿਸਾਸ ਹੋ ਜਾਂਦਾ ਹੈ ਕਿ ਆਪਣੀ ਹਰ ਗ਼ਜ਼ਲ ਵਿਚ ਹਰ ਪਹਿਲੂ ਤੋਂ ਇਕਵਿੰਦਰ ਸਿੰਘ ਦਾ ਬਿਆਨ ਤਿੱਖਾ ਅਤੇ ਸਪੱਸ਼ਟ ਹੈ। ਉਹ ਬਹੁਪੱਖੀ ਚੇਤਨਾ ਦਾ ਗ਼ਜ਼ਲਕਾਰ ਹੈ। ਭਾਵੇਂ ਉਸ ਦੀ ਭਾਸ਼ਾ ਸਾਦੀ ਅਤੇ ਸਰਲ ਹੈ ਪਰ ਉਸ ਦੀ ਬਣਤਰ ਡੂੰਘੀ ਅਤੇ ਸਲੀਕੇਦਾਰ ਹੈ।

*ਵਤਨ ਵਿਚ ਰਹਿੰਦਿਆਂ ਹੋਇਆ ਇਹ ਅਨੁਭਵ ਹੋ ਨਹੀਂ ਸਕਦਾ,*
*ਵਤਨ ਤੋਂ ਦੂਰ ਜਾ ਕੇ ਦੇਖਣਾ ਟੁੱਟਦਾ ਜਿਹਾ ਕੀ ਹੈ?*

ਉਪਰੋਕਤ ਸ਼ਿਅਰ ਨੂੰ ਓਪਰੀ ਨਜ਼ਰ ਨਾਲ ਪੜ੍ਹਿਆਂ ਇਹ ਸਾਧਾਰਣ ਜਿਹਾ ਸ਼ਿਅਰ ਜਾਪੇਗਾ ਪਰ ਇਸ ਵਿਚ ਲੁਕਿਆ ਹੋਇਆ ਦਰਦ ਸਿਰਫ਼ ਉਹੀ ਲੋਕ ਮਹਿਸੂਸ ਕਰ ਸਕਦੇ ਹਨ ਜਿਨ੍ਹਾਂ ਨੇ ਬਿਗਾਨੀ ਧਰਤੀ 'ਤੇ ਜਾਕੇ ਉੱਥੋਂ ਦੀ ਜ਼ਿੰਦਗੀ ਨੂੰ ਹੰਢਾਇਆ ਹੋਇਆ ਹੋਵੇ।

ਬੇਗਾਨਗੀ ਇਕ ਬਹੁਤ ਵੱਡਾ ਸਰਾਪ ਹੁੰਦੀ ਹੈ। ਜਦੋਂ ਰਿਸ਼ਤੇ ਟੁੱਟਦੇ ਹਨ ਤਾਂ



ਇਹ ਅਜਨਬੀਪਨ ਆਪਣੇ ਵਤਨ ਵਿਚ ਵੀ ਪੈਦਾ ਹੋ ਜਾਂਦਾ ਹੈ।

ਵਤਨ ਤੋਂ ਦੂਰ ਜਾ ਕੇ ਦੇਖਣਾ ਟੁੱਟਦਾ ਜਿਹਾ ਕੀ ਹੈ?

'ਜਿਹਾ ਕੀ ਹੈ' ਇਹ ਹੀ ਸ਼ਾਇਰੀ ਹੈ। ਇਸ ਸ਼ਿਅਰ ਨੂੰ ਪੜ੍ਹ ਕੇ ਮਹਾਨ ਸ਼ਾਇਰ ਮੀਰ ਤਕੀ ਮੀਰ ਸਾਹਿਬ ਦੀ ਯਾਦ ਆ ਜਾਂਦੀ ਹੈ:-

*ਦੇਖ ਤੋ ਯੇ ਦਿਲ ਕਿ ਜਾਂ ਸੇ ਉਠਤਾ ਹੈ,*
*ਯੇ ਧੂੰਆਂ ਸਾ ਕਹਾਂ ਸੇ ਉਠਤਾ ਹੈ?*

ਇਕਵਿੰਦਰ ਸਿੰਘ ਆਪਣੀ ਕਲਮ ਨੂੰ ਮਹਿਜ਼ ਰੁਮਾਂਸਵਾਦੀ ਸ਼ਿਅਰਾਂ ਤੱਕ ਹੀ ਸੀਮਤ ਨਹੀਂ ਰੱਖਦਾ। ਉਸ ਨੂੰ ਧਰਮ ਦੀ ਆੜ ਵਿਚ ਲੁਕੇ ਬਘਿਆੜਾਂ ਦੀ ਪੂਰੀ-ਪੂਰੀ ਜਾਣਕਾਰੀ ਹੈ। ਉਹ ਭਲੀ-ਭਾਂਤ ਜਾਣਦਾ ਹੈ ਕਿ ਰਾਜਸੱਤਾ 'ਤੇ ਕਾਬਜ਼ ਸ਼੍ਰੇਣੀਆਂ ਮਨੁੱਖੀ ਜਜ਼ਬਿਆਂ ਦਾ ਕਿਸ ਤਰ੍ਹਾਂ ਘਾਣ ਕਰਦੀਆਂ ਹਨ। ਸਾਰੀ ਬੇਇਨਸਾਫ਼ੀ ਨੂੰ ਵੇਖਦਿਆਂ ਹੋਇਆ ਉਸ ਦੀ ਬੇਚੈਨੀ ਬੋਲ ਉੱਠਦੀ ਹੈ:-

*ਅਸੀਂ ਨਿਕਲਾਂਗੇ ਜਦ ਸੋਚਾਂ ਦੀਆਂ ਚਿੰਗਾਰੀਆਂ ਲੈ ਕੇ!*
*ਸਵਾਗਤ ਧੁੱਪ ਨੇ ਕਰਨਾ ਹੈ ਤਦ ਫੁਲਕਾਰੀਆਂ ਲੈ ਕੇ!*

ਮਨੁੱਖੀ ਮਨਾਂ ਦਾ, ਚਿੰਗਾਰੀਆਂ ਲੈ ਕੇ ਨਿਕਲਣਾ ਅਤੇ ਧੁੱਪ ਦਾ ਫੁਲਕਾਰੀਆਂ ਲੈ ਕੇ ਸੁਆਗਤ ਕਰਨਾ, ਇਕ ਕਮਾਲ ਦਾ ਬਿੰਬ ਪੇਸ਼ ਕਰਦਾ ਹੈ। ਇਹੀ ਪਹਿਲਾ ਕਦਮ ਹੈ ਜਿਹੜਾ ਇਨਕਲਾਬ ਦੇ ਰਾਹ ਵਿਚ ਉਠਾਇਆ ਜਾਂਦਾ ਹੈ।

ਇਕਵਿੰਦਰ ਸਿੰਘ ਦੀ ਗ਼ਜ਼ਲ ਵਿਚ ਲੋਕ ਗੀਤਾਂ ਵਰਗੀ ਰਵਾਨਗੀ ਹੈ, ਸਾਦਗੀ ਹੈ ਅਤੇ ਡੂੰਘਾ ਵਿਅੰਗ ਹੈ। ਅੱਜ ਦੇ ਗੰਧਲੇ ਸਭਿਆਚਾਰ ਵਿਚ ਤਰੀਮਤਾਂ ਦਾ ਕਿਵੇਂ ਸ਼ੋਸ਼ਣ ਹੁੰਦਾ ਹੈ ਅਤੇ ਰਾਜਸੀ ਸੱਤਾ ਦੀ ਪਨਾਹ ਵਿਚ ਬੈਠੇ ਡੇਰਾਵਾਦੀਏ ਕਿਵੇਂ ਦਿਹਾਤੀ ਮਾਨਸਿਕਤਾ ਤੇ ਉਨ੍ਹਾਂ ਦੀ ਸ਼ਰਧਾ ਦਾ ਮਖੌਲ ਉਡਾਉਂਦੇ ਹਨ, ਇਕਵਿੰਦਰ ਸਿੰਘ ਨੇ ਉਸ ਤੇ ਭਰਪੂਰ ਤੇ ਤਿੱਖਾ ਵਿਅੰਗ ਕੀਤਾ ਹੈ:-

*ਕੱਚਾ ਦੁੱਧ ਲੈ ਕੇ ਤੁਸੀਂ ਜਾਇਆ ਨਾ ਕਰੋ,*
*ਬੜਾ ਕੁਝ ਹੁੰਦਾ ਹੁਣ ਡੇਰਿਆਂ ਦੇ ਵਿਚ!*

ਇੱਥੇ 'ਕੱਚਾ ਦੁੱਧ' ਮਹਿਜ਼ ਇਕ ਸਾਧਾਰਨ ਵਸਤੂ ਹੀ ਨਹੀਂ ਬਲਕਿ ਨਿਰਮਲ ਅਤੇ ਅਭੋਲ ਬੁੱਧੀ ਦਾ ਪ੍ਰਤੀਕਾਤਮਕ ਬਿੰਬ ਹੈ।

ਉਰਦੂ ਦੇ ਇਕ ਮਸ਼ਹੂਰ ਸ਼ਾਇਰ ਅਹਿਸਾਨ ਦਾਨਿਸ਼ ਦਾ ਇਕ ਪਿਆਰਾ ਜਿਹਾ ਸ਼ਿਅਰ ਹੈ:-

*ਯੇਹ ਖੁਲ੍ਹੀ-ਖੁਲ੍ਹੀ ਸੀ ਜ਼ੁਲਫ਼ੇਂ ਯੇਹ ਉਡੀ-ਉਡੀ ਸੀ ਰੰਗਤ,*
*ਤੇਰੀ ਸੁਬਹ ਕਹਿ ਰਹੀ ਹੈ ਤੇਰੀ ਰਾਤ ਕਾ ਫ਼ਸਾਨਾ!*

ਇਕਵਿੰਦਰ ਸਿੰਘ ਦਾ ਸ਼ਿਅਰ ਹੈ:-

*ਦਿਸਦੇ ਅੱਖੀਆਂ 'ਚ ਡੋਰੇ ਨੇ ਲਾਲ-ਸੂਹੇ,*
*ਲੱਗਦੈ ਰਾਤੀਂ ਵੀ ਨਹੀਓਂ ਜਨਾਬ ਸੁੱਤੇ!*

ਸਾਫ਼ ਜ਼ਾਹਿਰ ਹੈ ਕਿ ਬੇਚੈਨੀ ਪੂਰੇ ਆਲਮ 'ਤੇ ਹੈ ਤੇ ਰਾਤੀਂ ਵੀ ਜਨਾਬ ਸੌਂ ਨਹੀਂ ਸਕੇ। ਮਸਲਾ ਇਹ ਹੈ ਕਿ ਇਹ ਵਰਤਾਰਾ ਪਹਿਲਾਂ ਵੀ ਵਾਪਰਦਾ ਰਿਹਾ ਹੈ। ਇਹ ਬਹੁਪਰਤੀ ਸ਼ਿਅਰ ਹੈ! ਇਸ ਨੂੰ ਕਈਆਂ ਪਹਿਲੂਆਂ 'ਤੇ ਸਮਝਿਆ ਜਾ ਸਕਦਾ ਹੈ। ਅਹਿਜੇ ਸ਼ਿਅਰ ਇਕਵਿੰਦਰ ਸਿੰਘ ਦੀ ਸ਼ਾਇਰੀ, ਕਾਵਿ-ਯੋਗਤਾ ਅਤੇ ਉਸ ਦੀ ਪੁਖ਼ਤਗੀ ਦਾ ਭਰਪੂਰ ਸਬੂਤ ਦਿੰਦੇ ਹਨ।

ਜਿਵੇਂ ਸਭ ਨੂੰ ਭਲੀ-ਭਾਂਤ ਪਤਾ ਹੀ ਹੈ ਕਿ ਇਕਵਿੰਦਰ ਸਿੰਘ ਬਹੁਤ ਘੁੰਮਿਆ-ਫਿਰਿਆ ਸ਼ਖ਼ਸ ਹੈ। ਉਸ ਦੀ ਵਾਕਫ਼ੀਅਤ ਦਾ ਦਾਇਰਾ ਬਹੁਤ ਵਸੀਹ ਹੈ। ਉਸ ਨੂੰ ਭਾਸ਼ਾ ਅਤੇ ਭਾਸ਼ਾਈ-ਜੁਗਤਾਂ ਦਾ ਪੂਰਾ ਗਿਆਨ ਹੈ।

ਮੁਹਾਵਰੇ-ਬੰਦੀ ਦਾ ਗ਼ਜ਼ਲ ਵਿਚ ਵਿਸ਼ੇਸ਼ ਸਥਾਨ ਹੁੰਦਾ ਹੈ! ਇਕਵਿੰਦਰ ਸਿੰਘ ਆਖਦਾ ਹੈ:-



*ਧੁਆਂਖੀ ਧੁੱਪ ਨੂੰ ਸ਼ੀਸ਼ਾ ਦਿਖਾ ਦਿੱਤਾ ਹੈ ਸ਼ੀਸ਼ੇ ਨੇ,*
*ਮਗਰ ਉਸ ਬੇ-ਸਮਝ ਵਿਚੋਂ ਨਹੀਂ ਮਗ਼ਰੂਰੀਆਂ ਘਟੀਆਂ!*

ਸਾਡੇ ਨਾ-ਖ਼ੁਦਾਵਾਂ ਅਤੇ ਰਹਿਨੁਮਾਵਾਂ ਨੂੰ ਜਨਤਾ ਨੇ ਕਈ ਵਾਰੀ ਉਨ੍ਹਾਂ ਦੀ ਔਕਾਤ ਤੋਂ ਜਾਣੂ ਕਰਵਾਇਆ ਹੈ। ਅਸਲ ਸ਼ੀਸ਼ਾ ਦਿਖਾਇਆ ਹੈ ਪਰ ਅਫ਼ਸੋਸ! ਉਹ ਆਪਣੀਆਂ ਚਾਲਾਕੀਆਂ ਤੋਂ ਬਾਜ਼ ਨਹੀਂ ਆਉਂਦੇ।

ਇਕਵਿੰਦਰ ਸਿੰਘ ਇਕ ਹੋਰ ਸ਼ਿਅਰ ਸਰਮਾਏਦਾਰੀ ਨਿਜ਼ਾਮ ਤੇ ਡੂੰਘੀ ਸੱਟ ਮਾਰਦਾ ਹੈ:-

*ਦੱਸਦਾ ਨਹੀਂ ਗਾਇਡ ਸੱਚ ਤਾਜ-ਮਹਿਲ ਬਾਰੇ,*
*ਕਿੰਨਾ ਲਹੂ ਵਹਾਇਆ ਦਾਸਾਂ ਤੇ ਦਾਸੀਆਂ ਨੇ!*

ਤਾਜ-ਮਹਿਲ ਬਾਰੇ ਹੁਣ ਤੱਕ ਅਣਗਿਣਤ ਕਵਿਤਾਵਾਂ ਅਤੇ ਸ਼ਿਅਰ ਕਹੇ ਗਏ ਹਨ। ਬਹੁਤਿਆਂ ਦਾ ਇਹੀ ਮੌਜ਼ੂ ਹੈ ਕਿ:-

*ਇਕ ਸ਼ਹਿਨਸ਼ਾਹ ਨੇ ਬਣਵਾ ਕੇ ਹਸੀਂ ਤਾਜ ਮਹਿਲ,*
*ਹਮ-ਗਰੀਬੋਂ ਕੀ ਮੁਹੱਬਤ ਦਾ ਉਡਾਇਆ ਹੈ ਮਜ਼ਾਕ!*

ਭਾਵੇਂ ਸਾਹਿਰ ਲੁਧਿਆਣਵੀ ਹੋਵੇ ਜਾਂ ਪ੍ਰੋ. ਮੋਹਨ ਸਿੰਘ, ਤਾਜ-ਮਹਿਲ ਬਾਰੇ ਹਕੀਕਤ ਸਿਰਫ਼ ਇੰਨੀ ਹੀ ਨਹੀਂ, ਹੋਰ ਵੀ ਹੈ। ਇਹ ਨਜ਼ਮਾਂ ਪ੍ਰਗਤੀਸ਼ੀਲ ਲਹਿਰ ਦੀ ਉਪਜ ਹਨ ਪਰ ਹਕੀਕਤ ਇਹ ਹੈ ਕਿ ਉਨ੍ਹਾਂ ਗ਼ਰੀਬ ਮਜ਼ਦੂਰਾਂ ਦੀ ਕੋਈ ਨਿਸ਼ਾਨੀ ਨਹੀਂ ਬਣੀ ਜਿਹੜੇ ਇਸ ਦੇ ਅਸਲੀ ਸਿਰਜਕ ਹਨ। ਇਕਵਿੰਦਰ ਸਿੰਘ ਅਜਿਹਾ ਇੱਕੋ ਸ਼ਿਅਰ ਕਹਿ ਕੇ ਹੀ ਇਤਿਹਾਸ ਦੇ ਕਾਲ-ਚੱਕਰ ਨੂੰ ਦੂਹਰਾ ਦਿੰਦਾ ਹੈ।

ਇਕਵਿੰਦਰ ਸਿੰਘ ਦਾ ਇਹ ਗ਼ਜ਼ਲ-ਸੰਗ੍ਰਹਿ 'ਜ਼ਿੰਦਗੀ ਨੇ ਪੈਲ ਪਾਈ' ਆਪਣੇ ਆਪ ਵਿਚ ਕਮਾਲ ਦਾ ਗ਼ਜ਼ਲ-ਸੰਗ੍ਰਹਿ ਹੈ! ਜਦੋਂ ਉਸ ਨੇ ਦੁਆਬੇ ਦੇ ਖਿੱਤੇ ਦੇ

ਗ਼ਜ਼ਲਗੋਆਂ ਦਾ ਇਕ ਗ਼ਜ਼ਲ-ਸੰਗ੍ਰਹਿ 'ਅੰਬ ਦੁਸਹਿਰੀ ਚੂਪਣ ਆਇਓ' ਦਾ ਸੰਕਲਨ ਕੀਤਾ ਸੀ ਤਾਂ ਇਸ ਗੱਲ ਦਾ ਉਦੋਂ ਹੀ ਅਹਿਸਾਸ ਹੋ ਗਿਆ ਸੀ ਕਿ ਉਹ ਗ਼ਜ਼ਲ ਨੂੰ ਕਿਸ ਕਦਰ ਦਿਲ ਦੀਆਂ ਡੂੰਘਾਈਆਂ ਤੋਂ ਪਰਣਾਇਆ ਹੋਇਆ ਹੈ।

*ਇਕਵਿੰਦਰ ਦੀ ਇਕ ਬਹੁਤ ਪ੍ਰਸਿੱਧ ਗ਼ਜ਼ਲ :-*

*ਝੌਂਪੜੀਆਂ ਨੇ ਰੋਣਾ ਏਂ ਬਰਸਾਤਾਂ ਨੂੰ!*
*ਮਹਿਲਾਂ ਨੇ ਖ਼ੁਸ਼ ਹੋਣਾ ਏਂ ਬਰਸਾਤਾਂ ਨੂੰ!*

ਉਪਰੋਕਤ ਸ਼ਿਅਰ ਵੀ ਇਸ ਗ਼ਜ਼ਲ-ਸੰਗ੍ਰਹਿ ਦਾ ਸ਼ਿੰਗਾਰ ਹੈ। ਇਸ ਬਹੁ-ਚਰਚਿਤ ਗ਼ਜ਼ਲ ਦੇ ਹੋਰ ਕਈ ਨਵੇਂ ਸ਼ਿਅਰ ਇਸ ਗ਼ਜ਼ਲ-ਸੰਗ੍ਰਹਿ ਵਿਚ ਸ਼ਾਮਿਲ ਕੀਤੇ ਗਏ ਹਨ। ਇਹ ਗ਼ਜ਼ਲ ਅੰਤਰਰਾਸ਼ਟਰੀ ਪੱਧਰ ਤੇ ਸ਼ੁਹਰਤ ਖੱਟ ਚੁੱਕੀ ਹੈ ਅਤੇ ਕਈ ਪ੍ਰਸਿੱਧ ਗ਼ਜ਼ਲ ਗਾਇਕਾਂ ਨੇ ਇਸ ਨੂੰ ਆਪਣੀ ਸੋਜ਼ਭਰੀ-ਆਵਾਜ਼ ਨਾਲ ਨਿਵਾਜਿਆ ਹੈ। ਇਕਵਿੰਦਰ ਸਿੰਘ ਨੂੰ ਜਿਊਂਦਾ ਰੱਖਣ ਇਹੀ ਇੱਕੋ ਗ਼ਜ਼ਲ ਹੀ ਕਾਫ਼ੀ ਹੈ।

ਅੰਤ ਵਿਚ ਕੋਈ ਵੀ ਹਰਫ਼, ਹਰਫ਼-ਏ-ਆਖ਼ਰ ਨਹੀਂ ਹੁੰਦਾ। ਸ਼ਾਇਰ ਦੀ ਸ਼ਾਇਰੀ ਵਿਚ ਸੋਧ-ਸੁਧਾਈ ਦੀ ਗੁੰਜਾਇਸ਼ ਸਦਾ ਹੀ ਬਣੀ ਰਹਿੰਦੀ ਹੈ ਕਿਉਂਕਿ ਹਰ ਪਾਠਕ ਦੀ ਸੋਚਣ ਦੀ ਮਾਨਸਿਕਤਾ ਵੱਖਰੀ-ਵੱਖਰੀ ਹੁੰਦੀ ਹੈ।

ਮੈਂ ਇਕਵਿੰਦਰ ਸਿੰਘ ਨੂੰ 'ਜ਼ਿੰਦਗੀ ਨੇ ਪੈਲ ਪਾਈ' ਗ਼ਜ਼ਲ-ਸੰਗ੍ਰਹਿ ਦੀ ਛਪਾਈ ਲਈ ਵਧਾਈ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਉਹ ਜਲਦੀ ਹੀ ਹੋਰਨਾਂ ਕਿਰਤਾਂ ਰਾਹੀਂ ਪੰਜਾਬੀ ਗ਼ਜ਼ਲ ਨੂੰ ਮਾਣ ਬਖ਼ਸ਼ੇਗਾ।

ਅਖੀਰ ਵਿਚ ਜਦੋਂ ਇਕਵਿੰਦਰ ਸਿੰਘ ਵਰਗਾ ਸ਼ਾਇਰ ਸ਼ਿਅਰਾਂ ਨੂੰ ਪ੍ਰੰਪਰਾਵਾਦੀ ਅਰਥਾਂ ਤੋਂ ਆਰ-ਪਾਰ ਦੇਖਣ ਦੇ ਸਮਰੱਥ ਹੋ ਜਾਂਦਾ ਹੈ ਤਾਂ ਉਹ ਯਕੀਨਨ ਸ਼ਾਇਰੀ ਦੀ ਪੈਗ਼ੰਬਰੀ ਦਾ ਹੱਕਦਾਰ ਹੋ ਜਾਂਦਾ ਹੈ।

ਇਕਵਿੰਦਰ ਸਿੰਘ ਨੂੰ ਅਜਿਹੀ ਪੈਗ਼ੰਬਰੀ ਮੁਬਾਰਕ!

ਅਮਰੀਕ ਡੋਗਰਾ
ਗੜ੍ਹਦੀਵਾਲਾ (ਹੁਸ਼ਿਆਰਪੁਰ)



## ਜ਼ਿੰਦਗੀ ਨੇ ਪੈਲ ਪਾਈ

ਜ਼ਿੰਦਗੀ ਨੇ ਪੈਲ ਪਾਈ।
ਬੜੀ ਹੀ ਗੁਸੈਲ ਪਾਈ।

ਤੇਰੇ ਜਾਣ ਪਿੱਛੋਂ ਬਾਗੀਂ,
ਮੋਰਾਂ ਨਹੀਓਂ ਪੈਲ ਪਾਈ।

ਲੋਕ ਹੁਣ ਘੁੰਮਦੇ ਨੇ,
ਦਿਲਾਂ ਵਿਚ ਮੈਲ ਪਾਈ।

ਹਾਏ! ਸਾਡੀ ਜ਼ਿੰਦਗੀ ਨੇ,
ਬੜੀ ਔਖੀ ਪੈਲ ਪਾਈ।

ਕਈਆਂ ਪਾਈ ਪੱਕੀ ਛੱਤ,
ਕਈਆਂ ਖਪਰੈਲ ਪਾਈ।

ਮੋਰ ਉਦੋਂ ਰੋਣ ਲੱਗੇ,
ਅੱਧੀ ਜਦੋਂ ਪੈਲ ਪਾਈ।

ਜ਼ਿੰਦਗੀ ਦੇ ਹਾਦਸਿਆਂ,
ਲੰਮੀ-ਚੌੜੀ ਜ਼ੈਲ ਪਾਈ।

ਅੱਖਰਾਂ ਦੇ ਰੰਗ ਨੱਚੇ,
ਸ਼ਬਦਾਂ ਨੇ ਪੈਲ ਪਾਈ।

***

## ਮੇਰੀ ਗੱਲ ਤਾਂ

ਮੇਰੀ ਗੱਲ ਤਾਂ ਕੌੜੀ ਲੱਗਣੀ!
ਬੱਦਲ਼ਾਂ ਨੂੰ ਨਾ ਪੌੜੀ ਲੱਗਣੀ!

ਇਹ ਤਾਂ ਹੁੰਦਾ ਹੀ ਆਇਆ ਹੈ,
ਵੱਡਿਆਂ ਦੀ ਗੱਲ ਕੌੜੀ ਲੱਗਣੀ!

ਜਦ ਉਹਨਾਂ ਨੇ ਨਜ਼ਰੀਂ ਆਉਣਾ,
ਸੌੜੀ ਸੜਕ ਵੀ ਚੌੜੀ ਲੱਗਣੀ!

ਫਿਰ ਤੂੰ ਸ਼ਰਬਤ ਵਾਂਗ ਪੀਏਂਗਾ,
ਪਹਿਲੋਂ ਤਾਂ ਮੈਅ ਕੌੜੀ ਲੱਗਣੀ!

ਹਰ ਬੰਦੇ ਨੂੰ ਵਹਿਮ ਹੈ ਹੁੰਦਾ,
ਅਪਣੀ ਛਾਤੀ ਚੌੜੀ ਲੱਗਣੀ!



ਤੂੰ ਵੀ ਕੋਸ਼ਿਸ਼ ਕਰਕੇ ਤੱਕ ਲੈ,
ਅੰਬਰ ਨੂੰ ਨਾ ਪੌੜੀ ਲੱਗਣੀ।

ਦਿਲ ਦੀਆਂ ਮੇਖਾਂ ਹਿੱਲਣੀਆਂ ਨਾ,
ਇਕ-ਦੋ ਵਾਰ ਹਥੌੜੀ ਲੱਗਣੀ!

ਹਰ ਇਕ ਨਰ ਨੂੰ ਕਿਉਂ ਹੁੰਦਾ ਹੈ?
ਹਰ ਇਕ ਨਾਰ ਗਪੌੜੀ ਲੱਗਣੀ!

ਕਦੀ-ਕਦੀ ਤਾਂ ਮਿੱਠਿਆ ਤੈਨੂੰ,
ਦੁਨੀਆ ਦੀ ਗੱਲ ਕੌੜੀ ਲੱਗਣੀ!

'ਇਕਵਿੰਦਰ' ਤੂੰ ਬੈਠ ਗਿਆ ਤਾਂ,
ਦੁਨੀਆ ਦੌੜੀ-ਦੌੜੀ ਲੱਗਣੀ!

***

## ਪਿਆਰੇ-ਪਿਆਰੇ ਬਟਨ

ਪਿਆਰੇ-ਪਿਆਰੇ ਬਟਨ ਤੇਰੇ ਪਿਆਰੇ ਬਟਨ!
ਮੈਨੂੰ ਲੱਗਦੇ ਨੇ ਚੰਨ ਤੇ ਸਿਤਾਰੇ ਬਟਨ!

ਇਹ ਸੂਰਜ ਇਹ ਚੰਨ ਇਹ ਸਿਤਾਰੇ ਬਟਨ!
ਲਾਏ ਹੋਏ ਖ਼ੁਦਾ ਨੇ ਇਹ ਪਿਆਰੇ ਬਟਨ!

ਚੜ੍ਹੇ ਫਿਰਦੇ ਸੀ ਜਿਹੜੇ ਚੁਬਾਰੇ ਬਟਨ!
ਹੁਣ ਉਹ ਮੰਗਦੇ ਨੇ ਦੁਆਰੇ-ਦੁਆਰੇ ਬਟਨ!

ਇਕ ਬਟਨ ਮੈਨੂੰ ਦੇ-ਦੇ ਨਿਸ਼ਾਨੀ ਵਜੋਂ,
ਮੈਥੋਂ ਲੈ-ਲੈ ਤੂੰ ਸਾਰੇ ਦੇ ਸਾਰੇ ਬਟਨ!

ਕੋਈ ਸੋਨੇ ਤੇ ਚਾਂਦੀ ਦੇ ਲਾਈ ਫਿਰੇ,
ਕੋਈ ਲਾਉਂਦਾ ਹੈ ਮੰਗਕੇ ਉਧਾਰੇ ਬਟਨ!

ਹੁਣ ਤਾਂ ਹਲਕੇ ਜਹੇ ਜ਼ਿਹਨ ਦੇ ਲੋਕ ਵੀ,
ਲਾਈ ਫਿਰਦੇ ਨੇ ਭਾਰੇ ਤੋਂ ਭਾਰੇ ਬਟਨ!

***



## ਬਹਿਰਾਂ ਦੇ ਨਾਂ

ਬਹਿਰਾਂ ਦੇ ਨਾਂ ਯਾਦ ਨਹੀਂ।
ਮੈਂ ਕੋਈ ਉਸਤਾਦ ਨਹੀਂ।

ਬੇ-ਸਬਰੀ ਦੇ ਆਲਮ ਵਿਚ,
ਮੌਤ ਕਿਸੇ ਨੂੰ ਯਾਦ ਨਹੀਂ।

ਪੰਛੀ ਤਾਂ ਆਜ਼ਾਦ ਨੇ ਪਰ,
ਬੰਦਾ ਹੀ ਆਜ਼ਾਦ ਨਹੀਂ।

ਤੇਰੇ ਹਿਜਰ ਦੇ ਗੀਤਾਂ ਦਾ,
ਮਿਸਰਾ ਕੋਈ ਯਾਦ ਨਹੀਂ।

ਦਿਲ ਦੇ ਪੰਛੀ ਨਾ ਡਰ ਤੂੰ,
ਮੈਂ ਕੋਈ ਸੱਯਾਦ ਨਹੀਂ।

ਮੈਂ ਤੇਰਾ ਹੀ ਹੁੰਦਾ ਸੀ,
ਇਹ ਵੀ ਤੈਨੂੰ ਯਾਦ ਨਹੀਂ।

ਪੱਥਰਾਂ ਅੱਗੇ 'ਇਕਵਿੰਦਰ',
ਮੈਂ ਕਰਦਾ ਫ਼ਰਿਆਦ ਨਹੀਂ।

***

ਸੱਯਾਦ: ਬੁਲਬੁਲਾਂ ਨੂੰ ਫੜਣ ਵਾਲਾ ਸ਼ਿਕਾਰੀ

## ਅਪਣੇ ਘਰ ਵਿਚ ਬੇਗ਼ਾਨਾ

ਅਪਣੇ ਘਰ ਵਿਚ ਬੇਗ਼ਾਨਾ ਮਹਿਸੂਸ ਕਰਾਂ!
ਬੇਗ਼ਾਨਾਪਨ ਰੋਜ਼ਾਨਾ ਮਹਿਸੂਸ ਕਰਾਂ!

ਯਾਰ ਮਿਲਾਉਂਦੇ ਹੱਥ ਨੇ ਨੰਗਿਆਂ ਹੱਥਾਂ ਨਾਲ,
ਫਿਰ ਵੀ ਸਭਦੇ ਦਸਤਾਨਾ ਮਹਿਸੂਸ ਕਰਾਂ!

ਜਿੱਥੇ ਕੌੜੀਆਂ ਯਾਦਾਂ ਧਰੀਆਂ ਹੋਈਆਂ ਨੇ,
ਦਿਲ ਵਿਚ ਐਸਾ ਤਹਿਖ਼ਾਨਾ ਮਹਿਸੂਸ ਕਰਾਂ!

ਜਦ ਵੀ ਤੇਰੀ ਨਗਰੀ ਦੇ ਵਿਚ ਆਉਂਦਾ ਹਾਂ,
ਪੈਰ-ਪੈਰ 'ਤੇ ਮੈਅਖ਼ਾਨਾ ਮਹਿਸੂਸ ਕਰਾਂ!

ਉੱਡਦੇ ਬੱਦਲ਼ਾਂ ਉੱਤੇ ਵਗਦੇ ਪਾਣੀ 'ਤੇ,
ਲਿਖਿਆ ਤੇਰਾ ਅਫ਼ਸਾਨਾ ਮਹਿਸੂਸ ਕਰਾਂ!

ਜਦ ਵੀ ਤੈਨੂੰ ਮਿਲਦਾ ਹਾਂ ਮੈਂ 'ਇਕਵਿੰਦਰ',
ਖ਼ੁਦ ਨੂੰ ਕੁਛ-ਕੁਛ ਦੀਵਾਨਾ ਮਹਿਸੂਸ ਕਰਾਂ!

***



## ਜ਼ਰਾ ਦਿਲ ਕੋਲ ਆ ਕੇ

ਜ਼ਰਾ ਦਿਲ ਕੋਲ ਆ ਕੇ ਦੇਖਣਾ ਟੁੱਟਦਾ ਜਿਹਾ ਕੀ ਹੈ?
ਨਜ਼ਰ ਸਭ ਤੋਂ ਚੁਰਾ ਕੇ ਦੇਖਣਾ ਟੁੱਟਦਾ ਜਿਹਾ ਕੀ ਹੈ?

ਉਦੋਂ ਤੂੰ ਜਾਣ ਜਾਏਂਗਾ ਕਿ ਦਿਲ ਟੁੱਟਣ 'ਤੇ ਕੀ ਹੁੰਦਾ?
ਕਦੇ ਸ਼ੀਸ਼ਾ ਗਿਰਾ ਕੇ ਦੇਖਣਾ ਟੁੱਟਦਾ ਜਿਹਾ ਕੀ ਹੈ?

ਵਤਨ ਵਿਚ ਰਹਿੰਦਿਆਂ ਹੋਇਆਂ ਇਹ ਅਨੁਭਵ ਹੋ ਨਹੀਂ ਸਕਦਾ,
ਵਤਨ ਤੋਂ ਦੂਰ ਜਾ ਕੇ ਦੇਖਣਾ ਟੁੱਟਦਾ ਜਿਹਾ ਕੀ ਹੈ?

ਕਦੇ ਬੂਹੇ 'ਚ ਹੈ ਕਿੜਕਿੜ ਕਦੇ ਖਿੜਕੀ 'ਚ ਹੈ ਟਿਕ-ਟਿਕ,
ਜ਼ਰਾ ਬੱਤੀ ਜਗਾ ਕੇ ਦੇਖਣਾ ਟੁੱਟਦਾ ਜਿਹਾ ਕੀ ਹੈ?

ਜਿਨ੍ਹਾਂ ਦੇ ਆਉਣ 'ਤੇ ਹੈ ਦੌੜਦੀ ਬਿਜਲੀ ਜਹੀ ਦਿਲ ਵਿਚ,
ਉਨ੍ਹਾਂ ਤੋਂ ਦੂਰ ਜਾ ਕੇ ਦੇਖਣਾ ਟੁੱਟਦਾ ਜਿਹਾ ਕੀ ਹੈ?

ਜਦੋਂ ਫੁੱਲਾਂ ਦੀ ਸ਼ਬਨਮ ਨਾਲ ਹੁੰਦੀ ਗੁਫ਼ਤਗੂ ਹੋਵੇ,
ਉਦੋਂ ਟਾਹਣੀ ਹਿਲਾ ਕੇ ਦੇਖਣਾ ਟੁੱਟਦਾ ਜਿਹਾ ਕੀ ਹੈ?

***

## ਤੁਸੀਂ ਸੁੱਤੇ ਹੋ

ਤੁਸੀਂ ਸੁੱਤੇ ਹੋ ਮਹਿਲਾਂ ਵਾਲ਼ਿਓ! ਮੁਖ਼ਤਾਰੀਆਂ ਲੈ ਕੇ।
ਅਸੀਂ ਫਿਰਦੇ ਹਾਂ ਬਾਜ਼ਾਰਾਂ ਦੇ ਵਿਚ ਬੇਕਾਰੀਆਂ ਲੈ ਕੇ।

ਅਸੀਂ ਨਿਕਲਾਂਗੇ ਜਦ ਸੋਚਾਂ ਦੀਆਂ ਚਿੰਗਾਰੀਆਂ ਲੈ ਕੇ।
ਸਵਾਗਤ ਧੁੱਪ ਨੇ ਕਰਨਾ ਏਂ ਤਦ ਫੁਲਕਾਰੀਆਂ ਲੈ ਕੇ।

ਨਾ ਦਿਨ ਨੂੰ ਚੈਨ ਆਉਂਦੀ ਏ, ਨਾ ਆਉਂਦੀ ਰਾਤ ਨੂੰ ਨੀਂਦਰ,
ਅਸੀਂ ਭੁੱਲੇ ਹਾਂ ਐਵੇਂ ਸ਼ੌਕ ਵਿਚ ਸਰਦਾਰੀਆਂ ਲੈ ਕੇ।

ਹੈ ਉੱਤਰਨਾ ਕਿਸੇ ਕਿੱਧਰੇ, ਕਿਸੇ ਚੜ੍ਹਨਾ ਕਿਸੇ ਥਾਂ ਤੋਂ,
ਇਹ ਜੀਵਨ ਤੁਰ ਰਿਹਾ ਸਾਹਾਂ ਦੀਆਂ ਅਸਵਾਰੀਆਂ ਲੈ ਕੇ।

ਅਸੀਂ ਸ਼ਹਿਰਾਂ ਦੀਆਂ ਸਿਫ਼ਤਾਂ ਨੂੰ ਸੁਣ ਦੌੜੇ ਹੀ ਆਏ ਸਾਂ,
ਅਸੀਂ ਪਿੰਡਾਂ ਨੂੰ ਕਿਸ ਮੂੰਹ ਪਰਤੀਏ ਬੀਮਾਰੀਆਂ ਲੈ ਕੇ?

ਇਹ ਸੁਣਿਆ ਹੈ ਉਨ੍ਹਾਂ ਦਾ ਧੁੱਪ ਵਿਚ ਸਾਇਆ ਨਹੀਂ ਬਣਦਾ,
ਜੋ ਲੋਕੀਂ ਰਾਤ ਨੂੰ ਕਰਦੇ ਸਫ਼ਰ ਚਿੰਗਾਰੀਆਂ ਲੈ ਕੇ?

ਕਿਵੇਂ ਸਾਂਭੇਂਗਾ 'ਇਕਵਿੰਦਰ' ਤੂੰ ਅਪਣੇ ਵਸਤਰਾਂ ਤਾਈਂ,
ਹਵਾ ਨਿਕਲੀ ਏ ਹੁਣ ਰੰਗਾਂ ਦੀਆਂ ਪਿਚਕਾਰੀਆਂ ਲੈ ਕੇ।

***



## ਕਦੇ ਆਏਗਾ ਹੀ

ਕਦੇ ਆਏਗਾ ਹੀ ਮੌਸਮ ਅਜਬ ਤਬਦੀਲੀਆਂ ਲੈ ਕੇ।
ਅਸੀਂ ਸੰਤੁਸ਼ਟ ਹਾਂ ਪਗਡੰਡੀਆਂ ਪਥਰੀਲੀਆਂ ਲੈ ਕੇ।

ਇਹ ਘਰ ਬਣਦੇ ਨਹੀਂ ਹਨ ਇਉਂ ਬਣਾਉਣਾ ਸੋਚਦੇ ਹੋ ਜਿਉਂ,
ਇਹ ਘਰ ਬਣਦੇ ਨੇ ਦੂਰੋਂ-ਨੇੜਿਓਂ ਹੀ ਤੀਲੀਆਂ ਲੈ ਕੇ।

ਅਜੇ ਇਹਨਾਂ ਦੀ ਗਹਿਰਾਈ ਕਈ ਸੂਰਜ ਛੁਪਾ ਸਕਦੀ,
ਕਰੇਗਾ ਕੋਈ ਕੀ ਬੇ-ਵਕਤ ਝੀਲਾਂ ਨੀਲੀਆਂ ਲੈ ਕੇ।

ਇਹ ਹਰ ਇਕ ਫ਼ੈਸਲਾਕੁੰਨ ਮੋੜ 'ਤੇ ਵਿਸ਼ਰਾਮ ਕਰਦੇ ਹਨ,
ਇਉਂ ਇਹ ਰਹਿਨੁਮਾ ਪਰਤਣਗੇ ਕਦ ਤਬਦੀਲੀਆਂ ਲੈ ਕੇ?

ਇਨ੍ਹਾਂ ਅੰਦਰ ਤਾਂ 'ਇਕਵਿੰਦਰ' ਜੁਆਲਾ ਹੀ ਜੁਆਲਾ ਹੈ,
ਕਿਵੇਂ ਸਾਂਭੇਂਗਾ ਇਹ ਸਭ ਵਾਦੀਆਂ ਬਰਫ਼ੀਲੀਆਂ ਲੈ ਕੇ।

***

## ਇਸ਼ਕ ਇਹ ਸੌਖਾ ਨਹੀਂ

ਇਸ਼ਕ ਇਹ ਸੌਖਾ ਨਹੀਂ ਦਿਲ ਜਾਨੀਆਂ!
ਹਰ ਕਦਮ 'ਤੇ ਮੰਗਦਾ ਕੁਰਬਾਨੀਆਂ!

ਕੀ ਅਸਾਂ ਨੇ ਕਰਨੀਆਂ ਸੁਲਤਾਨੀਆਂ?
ਸਾਨੂੰ ਚੰਗੀਆਂ ਤੇਰੀਆਂ ਦਰਬਾਨੀਆਂ!

ਇਸ਼ਕ ਦਾ ਜਾਦੂ ਕਰੇ ਹੈਰਾਨੀਆਂ!
ਇਸ਼ਕ ਨਹੀਂਓਂ ਦੇਖਦਾ ਸੁਲਤਾਨੀਆਂ!

ਇਸ਼ਕ ਇਹ ਸੌਖਾ ਨਹੀਂ ਦਿਲ-ਜਾਨੀਆਂ!
ਇਸ਼ਕ ਵਿਚ ਨਈਂ ਚੱਲਦੀਆਂ ਮਨਮਾਨੀਆਂ!

ਔਖੀਆਂ ਹੀ ਮੰਨਦੀਆਂ ਇਹ ਜਾਨੀਆਂ!
ਝਾਂਜਰਾਂ ਦੇ ਨਾਲ ਰੁੱਸੀਆਂ ਗਾਨੀਆਂ!

ਮੈਂ ਤਾਂ ਆਦੀ ਹੋ ਗਿਆਂ ਦਿਲ-ਜਾਨੀਆਂ!
ਅਪਣੀਆਂ ਦੇ-ਦੇ ਤੂੰ ਪਰੇਸ਼ਾਨੀਆਂ!



ਦਿਲ ਨਾ ਛੋਟਾ ਕਰ ਤੂੰ ਐਵੇਂ ਜਾਨੀਆਂ!
ਮੁਸ਼ਕਿਲਾਂ ਦੇ ਕੋਲ ਨੇ ਆਸਾਨੀਆਂ!

ਪੱਤਾ-ਪੱਤਾ ਬਾਗ਼ ਦਾ ਆਸ਼ਿਕ ਤੇਰਾ,
ਤਿਤਲੀਆਂ ਵੀ ਤੇਰੀਆਂ ਦੀਵਾਨੀਆਂ।

ਜਿਸਨੇ 'ਸੋਨੇ ਦੀ ਚਿੜੀ' ਨੂੰ ਢੂੰਡਿਆ,
ਚਾਰ ਗਿੱਠਾਂ ਰਹਿ ਗਿਆ ਬਰਤਾਨੀਆਂ!

ਮਹਿਕਣੇ-ਫੁੱਲ ਮਹਿਕਣੇ-ਫੁੱਲ ਮਹਿਕਣੇ,
ਰਹਿਣੀਆਂ ਰਾਤਾਂ ਨਹੀਂ ਤੂਫ਼ਾਨੀਆਂ!

ਤੱਕਦਿਆਂ ਹੀ ਆਪ ਨੂੰ ਫੁੱਲ ਟਹਿਕਦੇ,
ਦੂਰ ਹੁੰਦੀਆਂ ਦਿਲ ਦੀਆਂ ਵੀਰਾਨੀਆਂ!

ਹੁਣ ਉਹ ਮੋਟੇ ਸ਼ੀਸ਼ਿਆਂ ਵਿਚ ਕੈਦ ਨੇ,
ਜੋ ਸੀ ਅੱਖੀਆਂ ਨਰਗਸੀ ਮਸਤਾਨੀਆਂ!

ਆਓ! ਯਾਰੋ!! ਸ਼ਾਮ ਨੂੰ ਅੱਜ ਬੈਠੀਏ,
ਦੂਰ ਕਰੀਏ ਦਿਲ ਦੀਆਂ ਵੀਰਾਨੀਆਂ!

ਮੈਂ ਬੜੀ ਦੂਰੋਂ ਹਾਂ ਆਇਆਂ ਮਿਲਣ ਨੂੰ,
ਹੁਣ ਨਾ ਕਰ ਐ ਯਾਰ! ਆਨਾਕਾਨੀਆਂ!!

ਚੌਧਵੀਂ ਦਾ ਚੰਨ ਏਦਾਂ ਡਲ੍ਹਕਿਆ,
ਰਾਤ ਭਰ ਸੁੱਤੀਆਂ ਨਾ ਮੱਛਰਦਾਨੀਆਂ!

ਕੰਮ ਬਹੁਤ ਆਈਆਂ ਅਸਾਡੇ ਕੰਮ ਬਹੁਤ,
ਅਪਣਿਆਂ ਨੇ ਮਾਰੀਆਂ ਜੋ ਭਾਨੀਆਂ!

ਇਕ ਅਜਾਇਬ ਫੁੱਲ ਏਦਾਂ ਮਹਿਕਿਆ,
ਤਿਤਲੀਆਂ ਵੀ ਹੋ ਗਈਆਂ ਦੀਵਾਨੀਆਂ।

ਜਦ ਵੀ 'ਇਕਵਿੰਦਰ' ਹੈ ਕੋਇਲ ਕੂਕਦੀ,
ਯਾਦ ਤੂੰ ਆਵੇਂ ਬਹੁਤ ਦਿਲ ਜਾਨੀਆਂ।

***



# ਤੂੰ ਨਾ ਬੋਲੇਂ

ਤੂੰ ਨਾ ਬੋਲੇਂ ਬੋਲਦੀਆਂ ਨੇ ਗਲੀਆਂ ਤੇਰੇ ਸ਼ਹਿਰ ਦੀਆਂ।
ਮੇਰਾ ਦੁੱਖ-ਸੁੱਖ ਫੋਲਦੀਆਂ ਨੇ ਗਲੀਆਂ ਤੇਰੇ ਸ਼ਹਿਰ ਦੀਆਂ।

ਨਿੱਘਿਆਂ-ਨਿੱਘਿਆਂ ਸਾਹਾਂ ਦੀ ਇਹ ਰੋਜ਼ ਗਵਾਹੀ ਦਿੰਦੀਆਂ ਨੇ,
ਭੇਤ ਕਦੇ ਨਾ ਖੋਲ੍ਹਦੀਆਂ ਨੇ ਗਲੀਆਂ ਤੇਰੇ ਸ਼ਹਿਰ ਦੀਆਂ।

ਏਥੋਂ ਲੰਘਦੇ ਹੋਏ ਰਾਹੀ ਜੀਭਾਂ ਫੇਰਨ ਬੁੱਲ੍ਹਾਂ 'ਤੇ,
ਸ਼ਹਿਦ ਹਵਾ ਵਿਚ ਘੋਲਦੀਆਂ ਨੇ ਗਲੀਆਂ ਤੇਰੇ ਸ਼ਹਿਰ ਦੀਆਂ।

ਲੋਹੇ ਦੀਆਂ ਗੁਲੇਲਾਂ ਵਾਲੇ ਜਦ ਤੋਂ ਏਥੇ ਆਏ ਨੇ,
ਕੰਬਦੀਆਂ ਤੇ ਡੋਲਦੀਆਂ ਨੇ ਗਲੀਆਂ ਤੇਰੇ ਸ਼ਹਿਰ ਦੀਆਂ।

ਦਿਲ ਦੀ ਪੁਸਤਕ ਵਿੱਚੋਂ ਤੇਰਾ ਸਿਰਨਾਵਾਂ ਹੁਣ ਲੱਭਣ ਨੂੰ,
ਵਰਕੇ ਰੋਜ਼ ਫਰੋਲਦੀਆਂ ਨੇ ਗਲੀਆਂ ਤੇਰੇ ਸ਼ਹਿਰ ਦੀਆਂ।

ਉੱਚੇ-ਉੱਚੇ ਸ਼ਮਲੇ ਵਾਲਿਆਂ ਦੇ ਪਰਛਾਵੇਂ 'ਇਕਵਿੰਦਰ',
ਪੈਰਾਂ ਹੇਠ ਮਧੋਲਦੀਆਂ ਨੇ ਗਲੀਆਂ ਤੇਰੇ ਸ਼ਹਿਰ ਦੀਆਂ।

ਜਦ ਵੀ ਇਹਨਾਂ ਤੇਰੀ ਚਰਚਾ ਕਰਨੀ ਹੋਵੇ 'ਇਕਵਿੰਦਰ',
ਹੌਲ਼ੀ-ਹੌਲ਼ੀ ਬੋਲਦੀਆਂ ਨੇ ਗਲੀਆਂ ਤੇਰੇ ਸ਼ਹਿਰ ਦੀਆਂ।

***

## ਦੁਨੀਆ ਨੇ ਖ਼ੁਸ਼

ਦੁਨੀਆ ਨੇ ਖ਼ੁਸ਼ ਹੋਣਾ ਨਾ।
ਛੱਡਣਾ ਰੋਣਾ-ਧੋਣਾ ਨਾ।

ਤੋੜ ਦੇ ਭਾਵੇਂ ਸਭ ਘੜੀਆਂ,
ਫਿਰ ਵੀ ਵਕਤ ਖਲੋਣਾ ਨਾ।

ਤੇਰੇ ਵਰਗਾ ਦੁਨੀਆ 'ਤੇ,
ਹੋਰ ਕੋਈ ਵੀ ਹੋਣਾ ਨਾ।

ਤੂੰ ਕੀ ਸਾਡਾ ਜਾਣੇਂ ਗ਼ਮ?
ਤੇਰਾ ਘਰ ਤਾਂ ਚੋਣਾ ਨਾ।

ਦਿਲ ਮੇਰਾ ਹੈ, ਮੇਰਾ ਦਿਲ,
ਕਿਰਚਾਂ-ਕਿਰਚਾਂ ਹੋਣਾ ਨਾ।



ਔਖੇ ਵੇਲੇ ਆਪਣਿਆਂ,
ਤੇਰੇ ਨਾਲ ਖਲੋਣਾ ਨਾ।

'ਕੱਲਾ-ਕਹਿਰਾ ਫੁੱਲ ਕਦੇ,
ਕਲੀਆਂ ਨਾਲ ਪਰੋਣਾ ਨਾ।

ਏਹੋ ਸਿੱਖਿਆ ਵਕਤ ਤੋਂ ਮੈਂ,
ਠੋਕਰ ਲੱਗਿਆਂ ਰੋਣਾ ਨਾ।

ਜਿੱਦਾਂ ਚਾਹਿਆ 'ਇਕਵਿੰਦਰ',
ਏਦਾਂ ਅਕਸਰ ਹੋਣਾ ਨਾ।

ਵਕਤ ਬੁਰੇ ਵਿਚ 'ਇਕਵਿੰਦਰ',
ਕਿਸ ਨੇ ਲਾਇਆ ਟੋਣਾ ਨਾ।

***

# ਝੌਂਪੜੀਆਂ ਨੇ ਰੋਣਾ ਏਂ

*(ਪੁਰਾਣੀ ਗ਼ਜ਼ਲ ਨਵਿਆਂ ਸ਼ਿਅਰਾਂ ਨਾਲ)*

ਝੌਂਪੜੀਆਂ ਨੇ ਰੋਣਾ ਏਂ ਬਰਸਾਤਾਂ ਨੂੰ।
ਮਹਿਲਾਂ ਨੇ ਖ਼ੁਸ਼ ਹੋਣਾ ਏਂ ਬਰਸਾਤਾਂ ਨੂੰ।

ਕੱਚੇ ਘਰ ਨੇ ਚੋਣਾ ਏਂ ਬਰਸਾਤਾਂ ਨੂੰ।
ਜਲ-ਥਲ-ਜਲ-ਥਲ ਹੋਣਾ ਏਂ ਬਰਸਾਤਾਂ ਨੂੰ।

ਖੂੰਜੇ ਲੱਗ ਕੇ ਸਾਰੀ ਰਾਤ ਗੁਜ਼ਾਰਾਂਗੇ,
ਸਾਡਾ ਘਰ ਵੀ ਚੋਣਾ ਏਂ ਬਰਸਾਤਾਂ ਨੂੰ।

ਕਾਲ਼ੇ ਬੱਦਲ਼ਾਂ 'ਚੋਂ ਜਦ ਬਿਜਲੀ ਚਮਕੇਗੀ,
ਦਿਲ ਵਿਚ ਕੁਛ-ਕੁਛ ਹੋਣਾ ਏਂ ਬਰਸਾਤਾਂ ਨੂੰ।

ਕੱਚੇ ਰਾਹ ਦੇ ਉੱਤੇ ਘਰ ਹੈ ਸੱਜਣਾ ਦਾ,
ਏਸੇ ਗੱਲ ਦਾ ਰੋਣਾ ਏਂ ਬਰਸਾਤਾਂ ਨੂੰ।

ਉਹਨਾਂ ਨੇ ਕੀ ਲੈਣਾ ਘੋਰ ਘਟਾਵਾਂ ਤੋਂ?
ਜਿਹਨਾਂ ਬੇ-ਘਰ ਹੋਣਾ ਏਂ ਬਰਸਾਤਾਂ ਨੂੰ।



ਸੁੱਕਿਆਂ ਬੁੱਲਾਂ ਵਾਲੀਆਂ ਨੀਲੀਆਂ ਝੀਲਾਂ ਦਾ,
ਰੂਪ ਅਲੱਗ ਹੀ ਹੋਣਾ ਏਂ ਬਰਸਾਤਾਂ ਨੂੰ।

ਜਦੋਂ ਪਪੀਹੇ ਨੇ ਸੁਣਨੀ ਹੈ ਛਮ-ਛਮ-ਛਮ,
ਸ਼ਹਿਦ ਲਬਾਂ 'ਚੋਂ ਚੋਣਾ ਏਂ ਬਰਸਾਤਾਂ ਨੂੰ।

ਦੋਹਰੀਆਂ ਪੀਂਘਾਂ ਨੇ ਜਦ ਪੈਣਾ ਸ਼ਾਮ ਢਲ਼ੇ,
ਖ਼ੂਬ ਨਜ਼ਾਰਾ ਹੋਣਾ ਏਂ ਬਰਸਾਤਾਂ ਨੂੰ।

ਦਿਲ ਦੀਆਂ ਕੰਧਾਂ ਤੀਕ ਸਲ੍ਹਾਬਾ ਚੜ੍ਹ ਜਾਣਾ,
ਭਿੱਜਣਾ ਹਰ ਇਕ ਕੋਣਾ ਏਂ ਬਰਸਾਤਾਂ ਨੂੰ।

ਦਿਲ ਦੀ ਕੋਇਲ ਕੂਕੇ ਹੁਣ ਤਾਂ ਇਕਲਾਪਾ,
ਸਹਿਣਾ ਮੁਸ਼ਕਿਲ ਹੋਣਾ ਏਂ ਬਰਸਾਤਾਂ ਨੂੰ।

ਬੰਦ ਲਿਫ਼ਾਫ਼ੇ ਦੇ ਵਿਚ ਛਤਰੀ ਕੀ ਜਾਣੇ?
ਉਸ ਦਾ ਹਾਲ ਕੀ ਹੋਣਾ ਏਂ ਬਰਸਾਤਾਂ ਨੂੰ।

ਜਿਸਦੀ ਪਿਆਸ ਬੁਝੀ ਨਾ ਸਾਉਣ ਮਹੀਨੇ ਵੀ,
ਉਸ ਬਿਰਹਨ ਨੇ ਰੋਣਾ ਏਂ ਬਰਸਾਤਾਂ ਨੂੰ।

ਇਸ ਮਹਿਫ਼ਿਲ ਵਿਚ ਜੋ-ਜੋ ਕਹਿਣਾ ਮੁਸ਼ਕਿਲ ਹੈ,
ਉਹ-ਉਹ ਕੁਛ ਵੀ ਹੋਣਾ ਏਂ ਬਰਸਾਤਾਂ ਨੂੰ।

ਇਕ ਦੂਜੇ ਦੇ ਪਿੱਛੇ ਨੱਸਣਾ ਬੱਦਲ਼ਾਂ ਨੇ,
ਖ਼ੂਬ ਤਮਾਸ਼ਾ ਹੋਣਾ ਏਂ ਬਰਸਾਤਾਂ ਨੂੰ।

ਦਿਲ ਦੀ ਸਰਦਲ 'ਤੇ ਜੋ ਕਾਲਖ਼ ਜੰਮੀ ਏ,
ਉਸਨੂੰ ਮਲ਼-ਮਲ਼ ਧੋਣਾ ਏ ਬਰਸਾਤਾਂ ਨੂੰ।

ਮੋਰਾਂ ਨੇ ਤੇ ਮੋਰਨੀਆਂ ਨੇ 'ਇਕਵਿੰਦਰ',
ਢੁਕ-ਢੁਕ ਨੇੜੇ ਹੋਣਾ ਏਂ ਬਰਸਾਤਾਂ ਨੂੰ।

ਅੰਬ ਦੁਸਹਿਰੀ ਚੂਪਣ ਆਇਓ! 'ਪੁਰਹੀਰਾਂ',
'ਇਕਵਿੰਦਰ' ਘਰ ਹੋਣਾ ਏਂ ਬਰਸਾਤਾਂ ਨੂੰ।

***



## ਨਿੱਤ-ਨਿੱਤ

ਨਿੱਤ-ਨਿੱਤ ਨਾ ਹਨੇਰਿਆਂ ਦੀ ਗੱਲ ਹੋਏਗੀ।
ਜਦੋਂ ਹੋਈ ਤਾਂ ਸਵੇਰਿਆਂ ਦੀ ਗੱਲ ਹੋਏਗੀ।

ਉਹਦੇ ਵਾਂਗਰਾਂ ਕਿਸੇ ਦੀ ਕਦੇ ਗੱਲ ਹੋਈ ਨਾ,
ਉਂਜ ਹੋਈ ਤਾਂ ਬਥੇਰਿਆਂ ਦੀ ਗੱਲ ਹੋਏਗੀ।

ਉੱਥੇ ਕਦੇ ਨਾ ਹਨੇਰਿਆਂ ਦੇ ਪੈਰ ਲੱਗਣੇ,
ਜਿੱਥੇ ਉੱਜਲੇ ਸਵੇਰਿਆਂ ਦੀ ਗੱਲ ਹੋਏਗੀ।

ਉਦੋਂ ਪੱਕਿਆਂ ਬਨੇਰਿਆਂ ਨੇ ਕੰਬ ਉੱਠਣਾ,
ਜਦੋਂ ਕੱਚਿਆਂ ਬਨੇਰਿਆਂ ਦੀ ਗੱਲ ਹੋਏਗੀ।

ਉਹਦੇ ਰੂਪ ਦੀ ਜਦੋਂ ਵੀ ਕੋਈ ਗੱਲ ਤੋਰੇਗਾ,
ਉਦੋਂ ਉੱਜਲੇ ਸਵੇਰਿਆਂ ਦੀ ਗੱਲ ਹੋਏਗੀ।

ਜਦੋਂ ਰਾਹਾਂ ਵਿਚ ਰਾਹੀ ਦਿਲ ਛੱਡ ਬਹਿਣਗੇ,
ਉਦੋਂ ਸਾਡਿਆਂ ਹੀ ਜੇਰਿਆਂ ਦੀ ਗੱਲ ਹੋਏਗੀ।

***

## ਮੁਹੱਬਤ ਕਦੇ ਵੀ

ਮੁਹੱਬਤ ਕਦੇ ਵੀ ਪੁਰਾਣੀ ਨਾ ਹੋਵੇ।
ਮੁਹੱਬਤ ਕਦੇ ਪਾਣੀ-ਪਾਣੀ ਨਾ ਹੋਵੇ।

ਉਹ ਖੂਹ, ਖੂਹ ਨਹੀਂ ਜਿਸ 'ਚ ਪਾਣੀ ਨਾ ਹੋਵੇ।
ਉਹ ਮੇਲਾ ਨਹੀਂ ਜਿਸ 'ਚ ਹਾਣੀ ਨਾ ਹੋਵੇ।

ਕਿਸੇ ਦੀ ਵੀ ਅੱਖ ਵਿਚ ਪਾਣੀ ਨਾ ਹੋਵੇ।
ਕਿਸੇ ਨਾਲ ਵੀ ਵੰਡ ਕਾਣੀ ਨਾ ਹੋਵੇ।

ਇਹ ਧਰਤੀ ਕਦੇ ਵੀ ਨਿਤਾਣੀ ਨਾ ਹੋਵੇ।
ਸਲੂਣਾ ਤਲਾਬਾਂ ਦਾ ਪਾਣੀ ਨਾ ਹੋਵੇ।

ਕਿਸੇ ਦੀ ਅਧੂਰੀ ਕਹਾਣੀ ਨਾ ਹੋਵੇ।
ਕਿਸੇ ਦੀ ਵੀ ਉਲਝੀ ਤਾਣੀ ਨਾ ਹੋਵੇ।

ਮੇਰੀ ਚੇਤਨਾ ਵਿਚ ਜੋ ਸੂਰਤ ਵਸੀ ਹੈ,
ਉਹ ਸੂਰਤ ਕਦੇ ਵੀ ਪੁਰਾਣੀ ਨਾ ਹੋਵੇ।

ਉਹ ਛਤਰੀ ਮਿਲੇਗੀ ਤਾਂ ਕਿੱਥੋਂ ਮਿਲੇਗੀ?
ਜਿਦ੍ਹੀ ਛਾਂ ਕਿਸੇ ਨੇ ਵੀ ਮਾਣੀ ਨਾ ਹੋਵੇ।



ਉਦ੍ਹੇ ਕੋਲੋਂ ਉਲਫ਼ਤ ਦਾ ਪੁੱਛਦੇ ਕਿਉਂ ਹੋ?
ਜਿਨ੍ਹੇ ਖ਼ਾਕ ਸਹਿਰਾ ਦੀ ਛਾਣੀ ਨਾ ਹੋਵੇ!

ਇਹ ਤੇਰੀ ਤੇ ਮੇਰੀ ਇਹ ਮੇਰੀ ਤੇ ਤੇਰੀ,
ਕਦੇ ਵੀ ਖ਼ਤਮ ਇਹ ਕਹਾਣੀ ਨਾ ਹੋਵੇ!

ਗ਼ਜ਼ਲ ਦਾ ਗਵੱਈਆ ਹੋ ਸਕਦਾ ਪੁਰਾਣਾ,
ਗ਼ਜ਼ਲ ਤਾਂ ਕਦੇ ਵੀ ਪੁਰਾਣੀ ਨਾ ਹੋਵੇ!

ਕਹਾਣੀ ਮੁਹੱਬਤ ਦੀ ਏਦਾਂ ਤੁਰੇ ਕਿ,
ਕਦੇ ਵੀ ਖ਼ਤਮ ਇਹ ਕਹਾਣੀ ਨਾ ਹੋਵੇ!

ਕੋਈ ਵੀ ਨਾ ਪੜ੍ਹਦਾ, ਕੋਈ ਵੀ ਨਾ ਸੁਣਦਾ,
ਕਹਾਣੀ 'ਚ ਜੇਕਰ ਕਹਾਣੀ ਨਾ ਹੋਵੇ!

ਫੜੇਗਾ ਕਿਵੇਂ ਉਹ ਉਡੀਕਾਂ ਦੇ ਜੁਗਨੂੰ,
ਜਿਨ੍ਹੇ ਖ਼ਾਕ ਉਲਫ਼ਤ ਦੀ ਛਾਣੀ ਨਾ ਹੋਵੇ।

ਵਸਾਈਏ ਅਜੇਹਾ ਨਗਰ 'ਇਕਵਿੰਦਰ',
ਕੋਈ ਜਿੱਥੇ ਰਾਜਾ ਤੇ ਰਾਣੀ ਨਾ ਹੋਵੇ।

***

## ਲੱਭਦੇ ਫਿਰਨ

ਲੱਭਦੇ ਫਿਰਨ ਨਜ਼ਾਰੇ ਤੈਨੂੰ।
ਹਰ ਮੌਸਮ ਸਤਿਕਾਰੇ ਤੈਨੂੰ।

ਸੂਰਜ ਸੈਣਤ ਮਾਰੇ ਤੈਨੂੰ।
ਤਾਰੇ ਕਰਨ ਇਸ਼ਾਰੇ ਤੈਨੂੰ।

ਪਿਆਰ-ਮੁਹੱਬਤ ਕੁਰਸੀ ਮਿਲਦੀ,
ਸਰਕਾਰੇ-ਦਰਬਾਰੇ ਤੈਨੂੰ।

ਸਾਨੂੰ ਵੀ ਤੂੰ ਕਰਦੇ ਮਿਸ਼ਰੀ,
ਕਹਿੰਦੇ ਸਾਗਰ ਖਾਰੇ ਤੈਨੂੰ।

ਉਹਦੀ ਸ਼ਾਮਤ ਆਵੇ ਜਿਹੜਾ,
ਭੁੱਲ ਕੇ ਵੀ ਲਲਕਾਰੇ ਤੈਨੂੰ।

ਬਾਹਾਂ ਫੈਲਾ ਕੇ 'ਇਕਵਿੰਦਰ',
ਦਿਲ ਸੱਦਦਾ ਹੈ ਪਿਆਰੇ ਤੈਨੂੰ।

***



## ਸੱਚੀ ਗੱਲ ਹੋਵੇ

ਸੱਚੀ ਗੱਲ ਹੋਵੇ ਬੁੱਢੇ-ਠੇਰਿਆਂ ਦੇ ਵਿਚ।
ਆਪਦਾ ਸ਼ੁਮਾਰ ਹੈ ਸਵੇਰਿਆਂ ਦੇ ਵਿਚ।

ਕੱਚਾ ਦੁੱਧ ਲੈ ਕੇ ਤੁਸੀਂ ਜਾਇਆ ਨਾ ਕਰੋ,
ਬੜਾ ਕੁਛ ਹੁੰਦਾ ਹੁਣ ਡੇਰਿਆਂ ਦੇ ਵਿਚ।

ਘੜੀ-ਮੁੜੀ ਘੜੀ-ਮੁੜੀ ਆਵੇ ਤਿਤਲੀ,
ਫੁੱਲਾਂ ਦਾ ਭੁਲੇਖਾ ਬੁੱਲ੍ਹਾਂ ਤੇਰਿਆਂ ਦੇ ਵਿਚ।

ਲੈ ਲਿਆ ਪਲਾਟ ਤੁਸੀਂ ਸਾਡੇ ਹੀ ਗੁਆਂਢ,
ਬਹੁਤੀ ਵਿੱਥ ਪਾਇਓ ਨਾ ਬਨੇਰਿਆਂ ਦੇ ਵਿਚ।

ਤੇਰੀ ਗੁੱਤ ਨਾਗਣੀ ਨੂੰ ਕੀਲਣੇ ਲਈ,
ਹੁੰਦੀਆਂ ਲੜਾਈਆਂ ਨੇ ਸਪੇਰਿਆਂ ਦੇ ਵਿਚ।

ਆਪ ਜਿਹਾ ਸੋਹਣਾ ਕੋਈ ਹੋਰ ਨਾ ਦਿਸੇ,
ਸੋਹਣਾ-ਪਨ ਭਾਵੇਂ ਹੈ ਬਥੇਰਿਆਂ ਦੇ ਵਿਚ।

ਤਾਹੀਓਂ ਸਾਡੇ ਕੋਠਿਆਂ 'ਤੇ ਮੋਰ ਨੱਚਦੇ,
ਅਸੀਂ ਪਿਆਰ ਲਿੱਪੀਏ ਬਨੇਰਿਆਂ ਦੇ ਵਿਚ।

ਸ਼ਾਹਾਂ ਦਾ ਚੁਬਾਰਾ ਭਾਵੇਂ ਲੱਖ ਡੱਕ ਲਏ,
ਦੂਰੀਆਂ ਨਾ ਸਾਡਿਆਂ ਸਵੇਰਿਆਂ ਦੇ ਵਿਚ।

***

## ਖੋਲ੍ਹ ਦਿਉ ਮੈਖ਼ਾਨੇ

ਖੋਲ੍ਹ ਦਿਓ ਮੈਖ਼ਾਨੇ ਛੇਤੀਂ।
ਗ਼ਮ ਕਰੀਏ ਬੇਗਾਨੇ ਛੇਤੀਂ।

ਛੇਤੀ ਡਿੱਗਦੇ ਨੇ ਧਰਤੀ ’ਤੇ,
ਜੋ ਚੜ੍ਹਦੇ ਅਸਮਾਨੇ ਛੇਤੀਂ।

ਇਸ਼ਕ ਦਾ ਪਹਿਲਾ ਫੁੱਲ ਖਿੜਿਆ ਹੈ,
ਮੁੱਕਣਗੇ ਵੀਰਾਨੇ ਛੇਤੀਂ।

ਹੱਥ ਦੇ ਨਾਲ ਮਿਲਾ ਹੱਥ ਯਾਰਾ!
ਲਾਹ ਦੇ ਤੂੰ ਦਸਤਾਨੇ ਛੇਤੀਂ।

ਕੁਛ ਮਸਲੇ ਸੁਲਝਾਉਣੇ ਯਾਰੋ!
ਆ ਜਾਵੋ! ਮੈਖ਼ਾਨੇ ਛੇਤੀਂ।



ਖੋਲ੍ਹੋਂ ਅੱਖੀਆਂ ਦੇ ਮੈਖ਼ਾਨੇ,
ਭਰ ਲਾਂ ਮੈਂ ਪੈਮਾਨੇ ਛੇਤੀਂ।

ਰਹਿਮ ਕਰੋ ਮੇਰੇ ’ਤੇ ਯਾਰੋ।
ਚਾੜ੍ਹੋ ਨਾ ਅਸਮਾਨੇ ਛੇਤੀਂ।

ਖ਼ੂਨ ਦੇ ਰਿਸ਼ਤੇ ਛੇਤੀ ਟੁੱਟਦੇ,
ਟੁੱਟਦੇ ਨਈਂ ਯਾਰਾਨੇ ਛੇਤੀਂ।

ਤਾਹੀਓਂ ਜਾਨ ਗੁਆ ਲੈਂਦੇ ਨੇ,
ਕਰ ਬਹਿੰਦੇ ਪਰਵਾਨੇ ਛੇਤੀਂ।

ਅੱਜਕੱਲ੍ਹ ਤਾਂ ‘ਇਕਵਿੰਦਰ’ ਅਪਣੇ,
ਬਣ ਜਾਂਦੇ ਬੇਗਾਨੇ ਛੇਤੀਂ।

***

# ਆਪ ਨੂੰ ਅਪਣਾ

ਆਪ ਨੂੰ ਅਪਣਾ ਬਣਾਉਣਾ ਚਾਹੁੰਦਾ ਹਾਂ।
ਮੈਂ ਤਲੀ 'ਤੇ ਸਿਰ ਟਿਕਾਉਣਾ ਚਾਹੁੰਦਾ ਹਾਂ।

ਹਾਦਸੇ ਦਿਲ ਤੋਂ ਭੁਲਾਉਣਾ ਚਾਹੁੰਦਾ ਹਾਂ।
ਉਮਰ ਭਰ ਮੈਂ ਮੁਸਕਰਾਉਣਾ ਚਾਹੁੰਦਾ ਹਾਂ।

ਏਸ ਦੁਨੀਆ ਤੋਂ ਮੇਰਾ ਦਿਲ ਭਰ ਗਿਆ ਹੈ,
ਇਕ ਨਵੀਂ ਦੁਨੀਆ ਵਸਾਉਣਾ ਚਾਹੁੰਦਾ ਹਾਂ।

ਤੇਰਿਆਂ ਖ਼ਾਬ੍ਹਾਂ 'ਚ ਆ ਕੇ ਰਾਤ ਭਰ ਹੀ,
ਬੇ-ਵਜ੍ਹਾ ਤੈਨੂੰ ਸਤਾਉਣਾ ਚਾਹੁੰਦਾ ਹਾਂ।

ਐ ਕਲਮਦਾਨੋਂ! ਮੇਰੇ ਨਜ਼ਦੀਕ ਆਓ!!
ਅਪਣੀਆਂ ਯਾਦਾਂ ਲਿਖਾਉਣਾ ਚਾਹੁੰਦਾ ਹਾਂ।

ਇਸ ਜ਼ਮਾਨੇ ਤੋਂ ਮੇਰਾ ਦਿਲ ਭਰ ਗਿਆ ਹੈ,
ਆਪਦੇ ਦਿਲ ਦਾ ਖਿਡਾਉਣਾ ਚਾਹੁੰਦਾ ਹਾਂ।

ਜੋ ਗ਼ਜ਼ਲ ਸੀ ਗੁਣਗੁਣਾਈ ਸ਼ਾਮ ਆਪਾਂ,
ਮੈਂ ਗ਼ਜ਼ਲ ਉਹ ਗੁਣਗੁਣਾਉਣਾ ਚਾਹੁੰਦਾ ਹਾਂ।

ਅੜ ਗਈ ਜਿਹੜੀ ਅੜਾਉਣੀ ਆਪ ਕੋਲੋਂ,
ਹੱਲ ਮੈਂ ਉਸ ਦਾ ਸੁਝਾਉਣਾ ਚਾਹੁੰਦਾ ਹਾਂ।

***



# ਅਸਾਡੇ ਕੋਲ ਹੀਲਾ

ਅਸਾਡੇ ਕੋਲ ਹੀਲਾ ਹੈ ਤੇ ਨਾ ਕੋਈ ਵਸੀਲਾ ਹੈ।
ਬਹੁਤ ਸੰਘਰਸ਼ ਕਰਦਾ ਜਾ ਰਿਹਾ ਸਾਡਾ ਕਬੀਲਾ ਹੈ।

ਉਨ੍ਹਾਂ ਨੇ ਕੱਲ੍ਹ ਨੂੰ ਕੁੱਕਰ ਵਾਲਿਆਂ ਦੀ ਭਾਫ਼ ਕੱਢ ਦੇਣੀ,
ਜਿਨ੍ਹਾਂ ਦੇ ਕੋਲ ਹਾਲੇ ਤੀਕ ਸਿਲਵਰ ਦਾ ਪਤੀਲਾ ਹੈ।

ਕਿਤੇ ਦਾਤੀ, ਕਿਤੇ ਰੰਬਾ, ਕਿਤੇ ਹੈ ਲੋੜ ਨਹੁੰਆਂ ਦੀ,
ਅਸਾਡੀ ਸੋਚ ਵਿਚ ਹਾਲੇ ਕਈ ਰੰਗਾਂ ਦਾ ਡੀਲਾ ਹੈ।

ਤੁਸੀਂ ਜੇ ਤੋੜਨੇ ਤਾਂ ਪਾ ਲਵੋ ਲੋਹੇ ਦੇ ਦਸਤਾਨੇ,
ਮੇਰੇ ਗੁਲਸ਼ਨ ਦਾ ਹਰ ਇਕ ਫੁੱਲ ਕੰਡਿਆਂ ਤੋਂ ਨੁਕੀਲਾ ਹੈ।

ਮੇਰੇ ਅੰਦਰ ਹੈ ਇਕ ਗਾਇਕ ਜੋ ਲਾਵੇ ਹੇਕ ਰਾਤਾਂ ਨੂੰ,
ਸੁਰਾਂ ਨੂੰ ਜਾਣਦਾ ਨਈਂ ਹੈ ਮਗਰ ਬੇਹੱਦ ਸੁਰੀਲਾ ਹੈ।

ਬਿਨਾਂ ਨਕਸ਼ੇ ਤੋਂ 'ਇਕਵਿੰਦਰ' ਹੈ ਤੇਰਾ ਆਲ੍ਹਣਾ ਬਣਨਾ,
ਲਿਆਉਣਾ ਦੂਰ ਤੋਂ ਪੈਣਾ ਤੇ ਲੱਭਣਾ ਤੀਲਾ-ਤੀਲਾ ਹੈ।

***

## ਗੋਲ ਧਰਤੀ ਹੈ

ਗੋਲ ਧਰਤੀ ਹੈ ਗੋਲ ਰਹਿਣ ਦੇਵੋ!
ਸਾਰੀ ਕੁਦਰਤ ਅਡੋਲ ਰਹਿਣ ਦੇਵੋ!

ਪੰਛੀ ਕਰਦੇ ਕਲੋਲ ਰਹਿਣ ਦੇਵੋ!
ਦਿਲ ਨੂੰ ਦਿਲ ਦੇ ਹੀ ਕੋਲ ਰਹਿਣ ਦੇਵੋ!

ਅਸੀਂ ਫੁੱਲ ਹਾਂ ਅਬੋਲ ਰਹਿਣ ਦੇਵੋ!
ਸਾਨੂੰ ਕਲੀਆਂ ਦੇ ਕੋਲ ਰਹਿਣ ਦੇਵੋ!

ਤੁਸੀਂ ਅਪਣਾ ਨਿਭਾਓ! ਹਾਂ ਅਪਣਾ,
ਸਾਡੇ ਹਿੱਸੇ ਦਾ ਰੋਲ ਰਹਿਣ ਦੇਵੋ!

ਮੱਲੀ ਜਾਓ ਨਾ ਸਾਰੀਆਂ ਹੀ ਰਿਸ਼ਮਾਂ,
ਧੁੱਪ ਸਾਡੇ ਵੀ ਕੋਲ ਰਹਿਣ ਦੇਵੋ!

ਹੋਰ ਕਿਧਰੇ ਰਹੇ ਤਾਂ ਇਹ ਮਰ ਜਾਣਗੇ,
ਦਰਦ ਦਿਲ ਦੇ ਹੀ ਕੋਲ ਰਹਿਣ ਦੇਵੋ!

ਆਪ ਨੂੰ ਜੇ ਇਹ ਚੁੱਭਦੇ ਤਾਂ ਕੀ ਕਰੀਏ?
ਬੋਲ ਸਾਡੇ ਕੁਬੋਲ ਰਹਿਣ ਦੇਵੋ!

ਕੈਸੀ ਕਵਿਤਾ ਇਹ ਲਿਖਦੇ ਹੋ 'ਇਕਵਿੰਦਰ',
ਥੋੜ੍ਹਾ ਬਹੁਤਾ ਤਾਂ ਤੋਲ ਰਹਿਣ ਦੇਵੋ!

***



## ਹੁਸਨ ਹੋਣਾ

ਹੁਸਨ ਹੋਣਾ ਇਸ਼ਕ ਦਾ ਮਹਿਮਾਨ ਰਾਤ ਨੂੰ।
ਬੂੰਦਾ-ਬਾਂਦੀ ਹੋਣ ਦਾ ਅਨੁਮਾਨ ਰਾਤ ਨੂੰ।

ਕੌਣ ਸਾਡੇ ਆ ਗਿਆ ਮਹਿਮਾਨ ਰਾਤ ਨੂੰ?
ਸੱਤ ਰੰਗਾ ਹੋ ਗਿਆ ਅਸਮਾਨ ਰਾਤ ਨੂੰ।

ਪਾਪ-ਪੁੰਨ ਪਰਖਣ ਲਈ ਕਹਿੰਦੇ ਨੇ ਦੋਸਤੋ!
ਧਰਤ 'ਤੇ ਹੈ ਵਿਚਰਦਾ ਭਗਵਾਨ ਰਾਤ ਨੂੰ।

ਇਹ ਦੁਆ ਹੈ ਇਸ ਤਰ੍ਹਾਂ ਝੁੱਗੀਆਂ ਵੀ ਜਗਮਗਾਉਣ,
ਜਗਮਗਾਉਂਦਾ ਜਿਸ ਤਰ੍ਹਾਂ ਜਾਪਾਨ ਰਾਤ ਨੂੰ।

ਨੀਂਦ ਰਾਣੀ ਆਉਣ ਤੋਂ ਕਰਦੀ ਹੈ ਫਿਰ ਗੁਰੇਜ਼,
ਯਾਦ ਜੇ ਕਰੀਏ ਅਸੀਂ ਨੁਕਸਾਨ ਰਾਤ ਨੂੰ।

ਮੇਰੇ ਦਿਲ ਵਿਚ ਜੋ ਘੁੰਮਕੜਾ ਆਜੜੀ ਹੈ,
ਛੇੜਦਾ ਹੈ ਬੰਸਰੀ ਦੀ ਤਾਨ ਰਾਤ ਨੂੰ।

ਇਸ਼ਕ ਨੂੰ ਚਾਅ ਚੜ੍ਹ ਗਿਆ ਸੁਣਕੇ ਇਹ ਖੁਸ਼ੀਆ ਖ਼ਬਰ,
ਹੁਸਨ ਦੇ ਨੇ ਊਂਘਦੇ ਦਰਬਾਨ ਰਾਤ ਨੂੰ।

***

# ਘੜੀ ਭਰ ਅਪਣੀਆਂ

ਘੜੀ ਭਰ ਅਪਣੀਆਂ ਪਲਕਾਂ ਦੀ ਛਾਵੇਂ ਬਹਿਣ ਦੇ ਮੈਨੂੰ।
ਘੜੀ ਭਰ ਹੋਰ ਅਪਣੇ ਕੋਲ ਯਾਰਾ! ਬਹਿਣ ਦੇ ਮੈਨੂੰ।

ਮੈਂ ਜਿਸ ਥਾਂ 'ਤੇ ਜਿਵੇਂ ਬੈਠਾਂ ਉਵੇਂ ਹੀ ਰਹਿਣ ਦੇ ਮੈਨੂੰ।
ਮੈਂ ਜਿੱਥੇ ਹਾਂ ਜਿਵੇਂ ਵੀ ਹਾਂ ਉਵੇਂ ਹੀ ਰਹਿਣ ਦੇ ਮੈਨੂੰ।

ਜੇ ਹੁਣ ਨਾ ਬੋਲਿਆ ਤਾਂ ਮੈਂ ਉਲਾਂਭੇ ਮਿਲਣਗੇ ਮੈਨੂੰ,
ਭਰੀ ਪੰਚਾਇਤ ਦੇ ਵਿਚ ਗੱਲ ਅਪਣੀ ਕਹਿਣਦੇ ਮੈਨੂੰ।

ਇਹ ਮੇਰਾ ਦਿਲ ਨਹੀਂ ਭਰਿਆ ਨਹੀਂ ਭਰਿਆ ਹੈ ਦਿਲ ਮੇਰਾ,
ਘੜੀ ਭਰ ਹੋਰ ਅਪਣੇ ਕੋਲ ਯਾਰਾ! ਬਹਿਣ ਦੇ ਮੈਨੂੰ।

ਪਰਾਂਹ ਕਰ ਲੈ ਤੂੰ ਮੇਰੇ ਸਿਰ ਤੋਂ ਅਪਣੇ ਹੁਸਨ ਦੀ ਛਤਰੀ,
ਤੂੰ ਮਾਰੂਥਲ ਦੀ ਥੋੜ੍ਹੀ ਧੁੱਪ ਨੂੰ ਵੀ ਸਹਿਣ ਦੇ ਮੈਨੂੰ।



ਉਲਾਂਭੇ ਹੀ ਉਲਾਂਭੇ ਆਉਣਗੇ ਤੈਨੂੰ ਮੈਂ ਕਹਿੰਦਾ ਹਾਂ,
ਲਿਜਾ ਮੈਨੂੰ ਨਾ ਮੈਖ਼ਾਨੇ ਓ ਯਾਰਾ! ਰਹਿਣ ਦੇ ਮੈਨੂੰ।

ਮੁਹੱਬਤ ਦਾ ਤਕਾਜ਼ਾ ਹੈ ਇਹ ਉਲਫ਼ਤ ਦਾ ਤਕਾਜ਼ਾ ਹੈ,
ਜੋ ਗੱਲ ਦਿਲ ਕਹਿਣ ਨੂੰ ਕਰਦਾ ਹੈ ਉਹ ਗੱਲ ਕਹਿਣ ਦੇ ਮੈਨੂੰ।

ਲਬਾਂ 'ਤੇ ਰੱਖ ਕੇ ਉਂਗਲੀ ਇਸ਼ਾਰਾ ਕਰ ਨਾ ਓ ਯਾਰਾ!
ਭਰੀ ਮਹਿਫ਼ਿਲ 'ਚ 'ਇਕਵਿੰਦਰ' ਸੱਚਾਈ ਕਹਿਣ ਦੇ ਮੈਨੂੰ।

ਭਰੀ ਪੰਚਾਇਤ ਦੇ ਵਿਚ ਫ਼ੈਸਲਾ ਹੋਣਾ ਹੈ 'ਇਕਵਿੰਦਰ',
ਤੂੰ ਮੈਨੂੰ ਟੋਕ ਨਾ ਹੁਣ ਆਪਣੀ ਗੱਲ ਕਹਿਣ ਦੇ ਮੈਨੂੰ।

***

## ਚਿੱਠੀ ਬਹੁਤ ਪੁਰਾਣੀ

ਚਿੱਠੀ ਬਹੁਤ ਪੁਰਾਣੀ ਲੱਭੀ।
ਮੈਨੂੰ ਦਰਦ ਕਹਾਣੀ ਲੱਭੀ।

ਕਵਿਤਾ ਬਹੁਤ ਪੁਰਾਣੀ ਲੱਭੀ।
ਗੁੰਮੀ ਪ੍ਰੇਮ-ਕਹਾਣੀ ਲੱਭੀ।

ਸੋਖ ਲਿਆ ਧਰਤੀ ਚੋਂ ਲੋਕਾਂ,
ਚੰਨ 'ਤੇ ਜਾਂਦੇ ਪਾਣੀ ਲੱਭੀ।

ਉਹ ਨਾ ਲੱਭੀ ਜਿਸ ਨੂੰ ਲੱਭਿਆ,
ਮੈਨੂੰ ਹੋਰ ਕਹਾਣੀ ਲੱਭੀ।

ਸੁਲਝੇ ਹੋਏ ਲੋਕਾਂ ਕੋਲੋਂ,
ਉਲਝੀ ਹੋਈ ਤਾਣੀ ਲੱਭੀ।

ਡੂੰਘੇ ਸਾਗਰ ਅੰਦਰ ਲਹਿ ਕੇ,
ਲੋਕੀਂ ਜਾਂਦੇ ਪਾਣੀ ਲੱਭੀ।



ਯਾਦਾਂ ਦੀ ਪੜਛੱਤੀ ਉਤੋਂ,
ਮਾਂ ਦੀ ਇਕ ਮਧਾਣੀ ਲੱਭੀ।

ਕਿੰਨੀ ਤਾਕਤ ਦੇ ਲਾਇਆਂ ਵੀ,
ਇਕ ਕਮਜ਼ੋਰ ਕਹਾਣੀ ਲੱਭੀ।

ਇਸ਼ਕ-ਝਨਾਂ ਵਿਚ ਡੁੱਬੇ ਦੋਵੇਂ,
ਨਾ ਰਾਜਾ ਨਾ ਰਾਣੀ ਲੱਭੀ।

ਗੁੰਮੀ ਤਿਤਲੀ ਝਲਕ ਦਿਖਾ ਕੇ,
ਮੁੜ ਨਾ ਖ਼ਸਮਾਂ-ਖਾਣੀ ਲੱਭੀ।

ਮੇਲਾ ਮੁੱਕਣ 'ਤੇ ਹੈ ਆਇਆ,
ਹਾਣੀ ਜਾਂਦੇ ਹਾਣੀ ਲੱਭੀ।

ਜਦ ਵੀ ਮਿਲਿਆ ਤੂੰ 'ਇਕਵਿੰਦਰ',
ਮੈਨੂੰ ਪ੍ਰੇਮ-ਕਹਾਣੀ ਲੱਭੀ।

***

## ਹਰ ਕੋਈ ਜਿਸ ਤੋਂ

ਹਰ ਕੋਈ ਜਿਸ ਤੋਂ ਚਿਹਰਾ ਲੈ ਕੇ ਟੰਗਦਾ ਸੀ।
ਉਹ ਅੱਜ ਮੈਥੋਂ ਮੇਰਾ ਚਿਹਰਾ ਮੰਗਦਾ ਸੀ।

ਕਾਲਰ 'ਤੇ ਜੋ ਰੋਜ਼ ਨਵਾਂ ਫੁੱਲ ਟੰਗਦਾ ਸੀ।
ਰੁੱਤ ਆਈ ਤਾਂ ਖ਼ੁਸ਼ਬੂ ਕੋਲੋਂ ਸੰਗਦਾ ਸੀ।

ਅਣਗੌਲ਼ੇ ਵਿਗਿਆਨ ਵਾਂਗੂ ਬਿਖਰ ਗਿਆ,
ਖੰਭਿਆਂ ਉੱਪਰ ਜੋ ਵਿਗਿਆਪਨ ਟੰਗਦਾ ਸੀ।

ਸ਼ਹਿਰ 'ਚ ਆਪਾਂ ਸਿਰ 'ਤੇ ਕੱਟੀ ਸਿਖ਼ਰ ਦੁਪਹਿਰ,
ਹਰ ਰੁੱਖ ਅਪਣੀ ਛਾਂ ਦੀ ਕੀਮਤ ਮੰਗਦਾ ਸੀ।

ਰੋਂਦੇ ਟੱਬਰ, ਜ਼ਖ਼ਮੀ ਪਿੰਡੇ, ਖੰਡਰ ਸ਼ਹਿਰ,
ਕਿੰਨਾ ਦਰਦ ਨਜ਼ਾਰਾ ਪਿਛਲੀ ਜੰਗ ਦਾ ਸੀ?

ਅੱਜ ਕੱਲ੍ਹ ਉਹ ਦਰਿਆ ਅਖਵਾਉਂਦੇ 'ਇਕਵਿੰਦਰ',
ਦਰ-ਦਰ ਤੋਂ ਜੋ ਇਕ-ਇਕ ਤੁਪਕਾ ਮੰਗਦਾ ਸੀ।

***



## ਸਾਡੇ ਵਾਂਗਰ

ਸਾਡੇ ਵਾਂਗਰ ਹੋਰ ਕਿਸੇ ਦੇ ਨਾਲ ਇਵੇਂ ਨਾ ਹੋਇਆ ਹੋਣਾ।
ਪੈਰ-ਪੈਰ 'ਤੇ ਟਿੱਬਾ ਹੋਣਾ ਪੈਰ-ਪੈਰ 'ਤੇ ਟੋਇਆ ਹੋਣਾ।

ਦਰਿਆ ਦੇ ਤਦ ਹਰ ਤੁਪਕੇ ਨੇ ਸੌ-ਸੌ ਨਗ਼ਮੇਂ ਛੇੜੇ ਹੋਣੇ,
ਜਿਸ ਵੇਲੇ ਤੂੰ ਪਾਣੀ ਅੰਦਰ ਅਪਣਾ ਅਕਸ ਡੁਬੋਇਆ ਹੋਣਾ।

ਅਪਣੇ ਹੱਥਾਂ ਨੂੰ ਤਦ ਉਸਨੇ ਚੁੰਮ ਲਿਆ ਹੋਣਾ ਹੈ ਆਪੇ,
ਤੇਰਾ ਬੁੱਤ ਮੁਕੰਮਲ ਕਰਕੇ ਰੱਬ ਬੜਾ ਖ਼ੁਸ਼ ਹੋਇਆ ਹੋਣਾ।

ਘਰ ਤੋਂ ਦੂਰ ਗਏ ਫ਼ੌਜੀ ਤੇ ਕਾਮੇ ਏਹੋ ਸੋਚਦੇ ਹੋਣੇ,
ਇਸ ਬਾਰਿਸ਼ ਵਿਚ ਉਹਨਾਂ ਦਾ ਘਰ ਖ਼ਬਰੇ ਕਿੰਨਾ ਚੋਇਆ ਹੋਣਾ?

ਕਾਲ-ਕਲੂਟੇ ਬੱਦਲ਼ਾਂ ਉੱਪਰ ਐਵੇਂ ਹੀ ਨਾ ਦੋਸ਼ ਲਗਾਓ,
ਇੱਕੋ ਤੁਪਕੇ ਨੇ 'ਇਕਵਿੰਦਰ' ਸਾਰਾ ਸ਼ਹਿਰ ਡੁਬੋਇਆ ਹੋਣਾ।

'ਇਕਵਿੰਦਰ' ਤੂੰ ਜਾਦੂ ਸਮਝੇਂ ਮੈਂ ਤੈਨੂੰ ਸੱਚਾਈ ਦੱਸਦਾਂ,
ਉਸਦੀ ਆਮਦ 'ਤੇ ਕਾਗ਼ਜ਼ ਦਾ ਗੁਲਦਸਤਾ ਖ਼ੁਸ਼ਬੋਇਆ ਹੋਣਾ।

***

## ਪੰਛੀਆਂ ਦੇ ਵਿਚੋਲੇ

ਪੰਛੀਆਂ ਦੇ ਵਿਚੋਲੇ ਨਈਂ ਹੁੰਦੇ।
ਰਿਸ਼ਤਿਆਂ ਵਿਚ ਘਚੋਲੇ ਨਈਂ ਹੁੰਦੇ।

ਦੁੱਖ ਉਹੀਓ ਹੀ ਦਿੰਦੇ ਨੇ ਦੁੱਖ ਅਕਸਰ,
ਦੁੱਖ ਜਿਹੜੇ ਫਰੋਲੇ ਨਈਂ ਹੁੰਦੇ।

ਉਹ ਤਾਂ ਘਰ ਹੁੰਦੈ ਇਕ ਸਰਾਂ ਵਾਂਗਰਾਂ,
ਜਿੱਥੇ ਗੁੱਡੀਆਂ-ਪਟੋਲੇ ਨਈਂ ਹੁੰਦੇ।

ਜਦੋਂ ਦੌੜਦੀ ਹੈ ਜ਼ਿੰਦਗੀ ਦੀ ਰੇਲ-ਗੱਡੀ,
ਕਿੱਥੇ-ਕਿੱਥੇ ਹਿਚਕੋਲੇ ਨਈਂ ਹੁੰਦੇ?

ਜਿਸਮ ਜ਼ਖ਼ਮੀ ਕਰਾਉਣਾ ਹੈ ਪੈ ਜਾਂਦਾ,
ਖ਼ੇਤ ਐਵੇਂ ਹੀ ਪੋਲੇ ਨਈਂ ਹੁੰਦੇ।



ਉਹਨਾਂ 'ਚੋਂ ਹੀ ਸਵਾਲਾਂ ਦੀ ਲਗਦੀ ਝੜੀ,
ਜਿਹੜੇ ਵਰਕੇ ਫਰੋਲੇ ਨਈਂ ਹੁੰਦੇ।

ਦਾਣਾ-ਦਾਣਾ ਸੰਭਾਲਦਾ ਹੈ ਬੰਦਾ,
ਪੰਛੀਆਂ ਦੇ ਭੜੋਲੇ ਨਈਂ ਹੁੰਦੇ।

ਅਸੀਂ ਪਿਆਰ 'ਚ ਉਡਾਰੀਆਂ ਮਾਰਦੇ ਹਾਂ,
ਸਾਡੇ ਉੜਨ-ਖਟੋਲੇ ਨਈਂ ਹੁੰਦੇ।

ਕਿਸੇ-ਕਿਸੇ ਦੀ ਹੈ ਕਿਸਮਤ ਨੂੰ ਭਾਗ ਲਗਦਾ,
ਨੈਣ ਸਭ ਦੇ ਮਮੋਲੇ ਨਈਂ ਹੁੰਦੇ।

ਦੁੱਖ ਆਉਂਦੇ ਜਦੋਂ ਵੀ ਨੇ 'ਇਕਵਿੰਦਰ',
ਕਿਸੇ ਤੱਕੜੀ 'ਚ ਤੋਲੇ ਨਈਂ ਹੁੰਦੇ।

***

# ਦਿਲਾਂ 'ਚੋਂ ਪਿਆਰ

ਦਿਲਾਂ 'ਚੋਂ ਪਿਆਰ ਇਉਂ ਘਟਿਆ ਜਿਉਂ ਮਜ਼ਦੂਰੀਆਂ ਘਟੀਆਂ।
ਜ਼ਮਾਨੇ 'ਚੋਂ ਨੇ ਹੁਣ ਉਲਫ਼ਤ ਦੀਆਂ ਮਸ਼ਹੂਰੀਆਂ ਘਟੀਆਂ।

ਸੁਨੇਹੇ ਦੇਣ ਤਾਂ ਹੁਣ ਦੇਣ ਕਿੱਦਾਂ ਕਾਂ ਮੁਹੱਬਤ ਦੇ?
ਉਨ੍ਹਾਂ ਦੇ ਵਾਸਤੇ ਸਾਡੇ ਘਰੀਂ ਹੁਣ ਚੂਰੀਆਂ ਘਟੀਆਂ।

ਪਿਛੋਕੜ ਨੂੰ ਭੁਲਾ ਕੇ ਹੀ ਅਸਾਂ ਨੇ ਹੱਥ ਮਿਲਾਇਆ ਹੈ,
ਮਗਰ ਉਹਨਾਂ ਦੇ ਮੱਥੇ ਤੋਂ ਨਹੀਂ ਹਨ ਘੂਰੀਆਂ ਘਟੀਆਂ।

ਕਦੇ ਬੱਦਲ਼ਾਂ, ਕਦੇ ਧੁੰਦਾਂ ਨੇ ਚਾਦਰ ਤਾਣ ਕੇ ਦੇਖੀ,
ਮਗਰ ਸੂਰਜ ਦੀਆਂ ਨਾ ਜੱਗ 'ਚੋਂ ਮਸ਼ਹੂਰੀਆਂ ਘਟੀਆਂ।

ਧੁਆਂਖੀ ਧੁੱਪ ਨੂੰ ਸ਼ੀਸ਼ਾ ਦਿਖਾ ਦਿੱਤਾ ਹੈ ਸ਼ੀਸ਼ੇ ਨੇ,
ਮਗਰ ਉਸ ਬੇ-ਸਮਝ ਵਿਚੋਂ ਨਹੀਂ ਮਗ਼ਰੂਰੀਆਂ ਘਟੀਆਂ।

ਹਰ ਇਕ ਵਸਤੂ ਦੀ ਕੀਮਤ ਚੜ੍ਹ ਗਈ ਅਸਮਾਨ ਦੇ ਉੱਤੇ,
ਖ਼ੁਦਾ ਜਾਣੇ ਕਿ ਕਿਉਂ ਕਲਮਾਂ ਦੀਆਂ ਮਜ਼ਦੂਰੀਆਂ ਘਟੀਆਂ?

ਉਹ ਆ ਜਾਂਦੇ ਤਾਂ 'ਇਕਵਿੰਦਰ' ਇਹ ਨੂਰੋ-ਨੂਰ ਹੋ ਜਾਂਦੀ,
ਅਸਾਡੇ ਆਉਣ 'ਤੇ ਮਹਿਫ਼ਿਲ 'ਚੋਂ ਕੁਛ ਬੇ-ਨੂਰੀਆਂ ਘਟੀਆਂ।

***



# ਗੁਲਦਸਤਾ-ਗੁਲਜ਼ਾਰ

ਗੁਲਦਸਤਾ-ਗੁਲਜ਼ਾਰ ਗ਼ਜ਼ਲ!
ਮਹਿਫ਼ਿਲ ਦਾ ਸ਼ਿੰਗਾਰ ਗ਼ਜ਼ਲ!

ਉਸ ਦੇ ਸਦਕੇ ਲਗਦਾ ਹੈ,
ਇਹ ਸਾਰਾ ਸੰਸਾਰ ਗ਼ਜ਼ਲ!

ਮਿੱਠਾ-ਮਿੱਠਾ ਵਾਰ ਕਰੇ,
ਦੋ-ਧਾਰੀ ਤਲਵਾਰ ਗ਼ਜ਼ਲ!

ਪਾਕ-ਪਵਿੱਤਰ ਕਰਦੀ ਹੈ,
ਜਦ ਵੀ ਕਰਦੀ ਪਿਆਰ ਗ਼ਜ਼ਲ!

ਸ਼ਿਅਰਾਂ ਵਿਚ ਸਮੋ ਸਕਦੀ,
ਸਾਰਾ ਸਭਿਆਚਾਰ ਗ਼ਜ਼ਲ!

'ਫ਼ੇਲੁਨ-ਫ਼ੇਲੁਨ-ਫ਼ੇਲੁਨ-ਫ਼ੇ',
ਚੁੰਗੀਆਂ ਭਰਦੀ ਯਾਰ ਗ਼ਜ਼ਲ!

'ਇਕਵਿੰਦਰ' ਨੇ ਛੇੜੀ ਹੈ,
ਆ ਸੁਣੀਏ ਦਿਲਦਾਰ ਗ਼ਜ਼ਲ!

***

## ਦਿਨ-ਰਾਤ ਬੈਠਦੇ ਸੀ

ਦਿਨ-ਰਾਤ ਬੈਠਦੇ ਸੀ ਜਿਹੜੇ ਕਰੀਬ ਮੇਰੇ।
ਉਹ ਦੂਰ-ਦੂਰ ਰਹਿੰਦੇ ਬਣਕੇ ਰਕੀਬ ਮੇਰੇ।

ਸੁੱਖ ਨੇ ਕਰੀਬ ਤੇਰੇ, ਦੁੱਖ ਨੇ ਕਰੀਬ ਮੇਰੇ।
ਤੇਰੇ ਨਸੀਬ ਤੇਰੇ, ਮੇਰੇ ਨਸੀਬ ਮੇਰੇ।

ਲਗਦਾ ਬਦਲ ਕੇ ਰਹਿਣੇ ਛੇਤੀਂ ਨਸੀਬ ਮੇਰੇ।
ਉਹ ਹੋਣ ਲੱਗ ਪਏ ਨੇ ਕੁਛ-ਕੁਛ ਕਰੀਬ ਮੇਰੇ।

ਰੁਕ ਜਾ ਨੀ ਤੂੰ ਘਟਾਏ! ਹੁਣ ਤਾਂ ਕਰੀਬ ਮੇਰੇ।
ਮਹਿਮਾਨ ਕੁਛ ਦਿਨਾਂ ਦੇ ਦਿਨ ਬਦਨਸੀਬ ਮੇਰੇ।

ਤੇਰੀ ਗਲੀ 'ਚ ਹੁੰਦਾ ਮੇਰਾ ਵੀ ਆਸ਼ਿਆਨਾ,
ਇਉਂ ਰੋਲ਼ਦੇ ਨਾ ਮੈਨੂੰ ਜੇਕਰ ਨਸੀਬ ਮੇਰੇ।



ਮੈਂ ਤਾਂ ਫਰੋਲ ਸੁੱਟਿਆ ਦੁਨੀਆ ਦਾ ਕੋਣਾ-ਕੋਣਾ,
ਮੈਨੂੰ ਕਿਤੋਂ ਨਾ ਟੱਕਰੇ ਰੁੱਸਿਓ ਨਸੀਬ ਮੇਰੇ।

ਮਹਿਫ਼ੂਜ਼ ਹੀ ਰਹੇਗਾ ਮੇਰਾ ਗ਼ਰੀਬ-ਖ਼ਾਨਾ,
ਮਿੱਤਰ ਗ਼ਰੀਬ ਮੇਰੇ, ਦੁਸ਼ਮਣ ਗ਼ਰੀਬ ਮੇਰੇ।

ਤੇਰੇ ਨਗਰ 'ਚ ਮੇਰਾ ਹੋਇਆ ਹੈ ਇੰਝ ਸਵਾਗਤ,
ਅੱਗੇ ਸਲੀਬ ਮੇਰੇ ਪਿੱਛੇ ਸਲੀਬ ਮੇਰੇ।

ਸਾਕੀ! ਤੇਰੀ ਨਜ਼ਰ ਦਾ ਮੈਨੂੰ ਬੜਾ ਨਸ਼ਾ ਹੈ,
ਹਾਲੇ ਤੂੰ ਜਾਮ ਰੱਖਦੇ ਭਰਕੇ ਕਰੀਬ ਮੇਰੇ।

ਮੈਨੂੰ ਨਹੀਂ ਪਤਾ ਸੀ ਬਿਲਕੁਲ ਹੀ 'ਇਕਵਿੰਦਰ',
ਇਕ ਦਿਨ ਤੁਸੀਂ ਹੈ ਆਉਣਾ ਏਨੇ ਕਰੀਬ ਮੇਰੇ।

***

# ਪ੍ਰੇਮ-ਪਿਆਲਾ

ਪ੍ਰੇਮ-ਪਿਆਲਾ ਤੇਰੇ ਗ਼ਮ ਦਾ।
ਮੈਂ ਮਤਵਾਲਾ ਤੇਰੇ ਗ਼ਮ ਦਾ।

ਅੱਖੀਆਂ ਵਿੱਚੋਂ ਵਗਦਾ ਅਕਸਰ,
ਇਕ ਪਰਨਾਲਾ ਤੇਰੇ ਗ਼ਮ ਦਾ।

ਮੇਰਿਆਂ ਬੁੱਲ੍ਹਾਂ ਉੱਤੇ ਸੱਜਣਾਂ!
ਲੱਗਿਆ ਤਾਲਾ ਤੇਰੇ ਗ਼ਮ ਦਾ।

ਮੇਰੇ ਕੋਲੋਂ ਦੇ ਨਾ ਹੋਵੇ,
ਦੇਸ਼-ਨਿਕਾਲਾ ਤੇਰੇ ਗ਼ਮ ਦਾ।

ਮੈਂ ਚੁੰਮਿਆ ਹੈ ਸੌ-ਸੌ ਵਾਰੀ,
ਪ੍ਰੇਮ-ਰੁਮਾਲਾ ਤੇਰੇ ਗ਼ਮ ਦਾ।

ਮੇਰੇ ਲੇਖਾਂ ਵਾਂਗਰ ਸ਼ਾਇਦ,
ਦਿਲ ਹੈ ਕਾਲ਼ਾ ਤੇਰੇ ਗ਼ਮ ਦਾ।



ਛਾਇਆ ਰਹਿੰਦਾ ਦਿਲ ਦੇ ਵਿਹੜੇ,
ਬੱਦਲ ਕਾਲ਼ਾ ਤੇਰੇ ਗ਼ਮ ਦਾ।

ਹੁਣ ਤਾਂ ਮੇਰੇ ਯਾਰ ਵੀ ਮੈਨੂੰ,
ਦੇਣ ਹਵਾਲਾ ਤੇਰੇ ਗ਼ਮ ਦਾ।

ਜੇਠ-ਹਾੜ ਵਿਚ ਵੀ ਨਾ ਪਿਘਲੇ,
ਬਰਫ਼-ਸ਼ਿਵਾਲਾ ਤੇਰੇ ਗ਼ਮ ਦਾ।

ਔਖਾ-ਸੌਖਾ ਖਾ ਲੈਂਦਾ ਹਾਂ,
ਰੋਜ਼ ਨਿਵਾਲਾ ਤੇਰੇ ਗ਼ਮ ਦਾ।

ਮੇਰੀਆਂ ਅੱਖਾਂ ਵਿੱਚ 'ਇਕਵਿੰਦਰ',
ਹੁਣ ਹੈ ਜਾਲ਼ਾ ਤੇਰੇ ਗ਼ਮ ਦਾ।

ਓੜ੍ਹ ਲਿਆ ਹੈ ਮੈਂ 'ਇਕਵਿੰਦਰ',
ਦਰਦ-ਦੁਸ਼ਾਲਾ ਤੇਰੇ ਗ਼ਮ ਦਾ।

***

## ਲੋਕਾਂ ਨੂੰ ਕੁਛ ਰਾਜ਼ੀ

ਲੋਕਾਂ ਨੂੰ ਕੁਛ ਰਾਜ਼ੀ ਕਰਨ ਸੁਆਹ ਦੇ ਨਾਲ।
ਲੋਕਾਂ ਨੂੰ ਕੁਛ ਰਾਜ਼ੀ ਕਰਨ ਨਿਗਾਹ ਦੇ ਨਾਲ।

ਜੇਕਰ ਪਿਆਰ-ਮੁਹੱਬਤ ਇਕ ਗੁਨਾਹ ਏਥੇ,
ਤਾਂ ਫਿਰ ਸਾਡੀ ਯਾਰੀ ਏਸ ਗੁਨਾਹ ਦੇ ਨਾਲ।

ਮਹਿਲ ਜਦੋਂ ਵੀ ਚਾਹੁੰਦੇ ਕਣੀਆਂ ਸੱਦ ਲੈਂਦੇ,
ਝੁੱਗੀਆਂ 'ਤੇ ਮੀਂਹ ਪੈਂਦਾ ਨਾ ਇਤਲਾਹ ਦੇ ਨਾਲ।

ਅਪਣੇ ਦਿਲ ਦੀ ਧੜਕਨ ਕੋਲੋਂ ਪੁੱਛ ਜ਼ਰਾ,
ਮੈਨੂੰ ਸਾਹ ਆਉਂਦਾ ਹੈ ਤੇਰੇ ਸਾਹ ਦੇ ਨਾਲ।

ਸਾਰੀ ਦੁਨੀਆ ਅਪਣੀ-ਅਪਣੀ ਲਗਦੀ ਹੈ,
ਦੁਨੀਆ ਨੂੰ ਜੋ ਤੱਕੇ ਪ੍ਰੇਮ ਨਿਗਾਹ ਦੇ ਨਾਲ।

ਖੜਕੇ-ਦੜਕੇ ਦਾ ਇਹ ਆਦੀ ਹੋ ਚੁੱਕਿਆ,
ਦਿਲ ਦਾ ਪੰਛੀ ਡਰਦਾ ਨਾ ਹੁਣ 'ਠਾਹ' ਦੇ ਨਾਲ।

ਸਾਡਾ ਸੂਰਜ ਜਦ ਵੀ ਚੜ੍ਹਿਆ 'ਇਕਵਿੰਦਰ',
ਮਿਠਿਆਈ ਵੀ ਭੇਜਾਂਗੇ ਇਤਲਾਹ ਦੇ ਨਾਲ।

***



## ਮੇਰੀ ਦੁਨੀਆ

ਮੇਰੀ ਦੁਨੀਆ ਗ਼ਰੀਬ ਹੈ ਦੁਨੀਆ!
ਤੈਨੂੰ ਲੱਗਣੀ ਅਜੀਬ ਹੈ ਦੁਨੀਆ!

ਇਹ ਅਜੀਬੋ-ਗਰੀਬ ਹੈ ਦੁਨੀਆ!
ਤੁਰਦੀ ਫਿਰਦੀ ਸਲੀਬ ਹੈ ਦੁਨੀਆ!

ਜਿਹੜੀ ਤੇਰੀ ਹਬੀਬ ਹੈ ਦੁਨੀਆ!
ਉਹੀਓ ਮੇਰੀ ਰਕੀਬ ਹੈ ਦੁਨੀਆ!

ਇਸ ਦੇ ਬਾਰੇ ਨਾ ਪੁੱਛ ਤੂੰ ਮੈਥੋਂ,
ਤੇਰੇ ਜ਼ਿਆਦਾ ਕਰੀਬ ਹੈ ਦੁਨੀਆ!

ਨਾਪ ਖਿੱਚ ਕੇ ਨਾ ਰਿਸ਼ਤਿਆਂ ਤਾਈਂ,
ਤਿੜਕੀ ਹੋਈ ਜਰੀਬ ਹੈ ਦੁਨੀਆ!

ਬਾਹਰੋਂ-ਬਾਹਰੋਂ ਅਮੀਰ ਲੱਗਦੀ ਏ,
ਦਿਲ ਦੀ ਲੇਕਿਨ ਗ਼ਰੀਬ ਹੈ ਦੁਨੀਆ!

ਚਾਰ ਅੱਖਰ ਵੀ ਜਾਣਦੀ ਨਹੀਂ ਏਂ,
ਬਣਦੀ ਫਿਰਦੀ ਅਦੀਬ ਹੈ ਦੁਨੀਆ!

***

# ਤੂੰ ਕਦੇ ਵੀ

ਤੂੰ ਕਦੇ ਵੀ ਸਮਝੀਆਂ ਨਾ ਭਾਵਨਾਵਾਂ ਮੇਰੀਆਂ!
ਫੇਰ ਵੀ ਨੇ ਨਾਲ਼ ਤੇਰੇ ਸ਼ੁੱਭ-ਇਛਾਵਾਂ ਮੇਰੀਆਂ!

ਧਰਤੀਆਂ ਨੂੰ ਵੰਡ ਕੇ ਹੁਣ ਆਖਦਾ ਹੈ ਆਦਮੀ,
ਇਹ ਹਵਾਵਾਂ ਤੇਰੀਆਂ ਨੇ ਇਹ ਹਵਾਵਾਂ ਮੇਰੀਆਂ!

ਮੈਨੂੰ ਤਾਂ ਚੰਨ ਚਾਨਣੀ ਵੀ ਘੁੱਪ ਹਨੇਰੀ ਜਾਪਦੀ,
ਰਸਤਿਆਂ ਵਿਚ ਅਟਕੀਆਂ ਨੇ ਕਹਿਕਸ਼ਾਵਾਂ ਮੇਰੀਆਂ!

ਦਿਨ ਢਲੇ ਇਹਨਾਂ ਦੇ ਅੰਦਰ ਜਾ ਛੁਪੇ ਮੇਰਾ ਵਜੂਦ,
ਤੇਰੀਆਂ ਅੱਖੀਆਂ ਨੇ ਨਿੱਘੀਆਂ ਦੋ ਗੁਫ਼ਾਵਾਂ ਮੇਰੀਆਂ!

ਜੇ ਤੂੰ ਸਮਝੇਂ ਤੇਰੇ ਬਾਰੇ ਚਿਤਵਿਆ ਹੈ ਮੈਂ ਬੁਰਾ,
ਮੈਨੂੰ ਹੀ ਲੱਗ ਜਾਣ ਸੱਭੇ ਬਦ-ਦੁਆਵਾਂ ਮੇਰੀਆਂ!

ਹੱਥ ਤੇਰੇ ਵਿਚ ਹੈ ਸਭ ਕੁਝ ਤੂੰਹੀਓਂ ਬਖ਼ਸ਼ਣਹਾਰ ਏਂ,
ਮਾਫ਼ 'ਇਕਵਿੰਦਰ' ਤੂੰ ਕਰਦੇ ਸਭ ਸਜ਼ਾਵਾਂ ਮੇਰੀਆਂ!

***



# ਯਾਦ ਖ਼ੁਸ਼ਬੂ ਹੈ

ਯਾਦ ਖ਼ੁਸ਼ਬੂ ਹੈ ਭਾਵੇਂ ਗੁਲਾਬ ਸੁੱਕੇ।
ਅੱਖਾਂ-ਅੱਖਾਂ 'ਚ ਕਿੰਨੇ ਖ਼ੁਆਬ ਸੁੱਕੇ।

ਔੜ-ਆਯੂ 'ਚ ਸਾਰੇ ਤਲਾਬ ਸੁੱਕੇ।
ਸੁੱਕੇ ਏਦਾਂ ਕਿ ਲਾ-ਜਵਾਬ ਸੁੱਕੇ।

ਪੱਤੇ-ਪੱਤੇ 'ਤੇ ਅੱਖ ਹੈ ਉੱਗ ਆਈ,
ਪਰਤ ਜਾਓਗੇ ਕਿੱਦਾਂ ਜਨਾਬ ਸੁੱਕੇ?

ਸੁੱਕ ਜਾਣ ਸਮੁੰਦਰ ਲੱਖ ਵਾਰੀ,
ਮੇਰੇ ਰੱਬਾ! ਕਦੇ ਨਾ ਝਨਾਬ ਸੁੱਕੇ।

ਉੱਡ ਜਾਣਾ ਹੀ ਹੈ ਮੁਰਗ਼ਾਬੀਆਂ ਨੇ,
ਔੜ ਲੱਗੀ 'ਤੇ ਜਦ ਵੀ ਤਲਾਬ ਸੁੱਕੇ।

ਘਾਹ ਕੱਚਾ-ਕਚੂਰ ਹੈ ਬੇਲਿਆਂ ਦਾ,
ਹਾਏ! ਅਪਣੇ ਹੀ ਕਾਹਤੋਂ ਗੁਲਾਬ ਸੁੱਕੇ।

ਹੁੰਦਾ ਆਲਮ ਅਜੀਬ ਉਦੋਂ 'ਇਕਵਿੰਦਰ',
ਗਿੱਲੀ ਜੀਭ ਤੇ ਜਦ ਵੀ ਜਵਾਬ ਸੁੱਕੇ।

***

## ਟਹਿਲਦੇ-ਟਹਿਲਦੇ

ਟਹਿਲਦੇ-ਟਹਿਲਦੇ-ਟਹਿਲਦੇ-ਟਹਿਲਦੇ।
ਅਸੀਂ ਨਜ਼ਦੀਕ ਆਏ ਤੇਰੇ ਮਹਿਲ ਦੇ।

ਪਾਸ ਆਉਂਦੇ ਨੇ ਉਹ ਦਹਿਲਦੇ-ਦਹਿਲਦੇ।
ਲੋਕ ਛਾਵੇਂ ਜੋ ਖੜ੍ਹਦੇ ਤੇਰੇ ਮਹਿਲ ਦੇ।

ਰਾਤ-ਭਰ ਸਹਿਮੇ-ਸਹਿਮੇ ਨੇ ਉਹ ਟਹਿਲਦੇ।
ਲੋਕ ਡਰਦੇ ਬੜੇ ਕੱਚ ਦੇ ਮਹਿਲ ਦੇ।

ਆ ਗਏ-ਆ ਗਏ ਜ਼ਿੰਦਗੀ ਤੋਂ ਪਰਾਂਹ,
ਮੈਂ ਤੇ ਸਾਇਆ ਮੇਰਾ ਟਹਿਲਦੇ-ਟਹਿਲਦੇ।

ਹੀਰੇ-ਮੋਤੀ ਵੀ ਨੇ ਸੋਨਾ-ਚਾਂਦੀ ਵੀ ਹੈ,
ਫਿਰ ਵੀ ਬੈਚੇਨ ਦਿਲ ਕਿਉਂ ਨਹੀਂ ਬਹਿਲਦੇ?



ਦਹਿਲਦੇ ਲੋਕ ਅੱਜ ਕੱਲ ਸ਼ਹਿਰਾਂ ਤੋਂ ਹਨ,
ਲੋਕ ਜੰਗਲ਼ਾਂ ਤੋਂ ਅੱਜ ਕੱਲ ਨਹੀਂ ਦਹਿਲਦੇ।

ਮੈਂ ਭੁਲਾਵਾਂ ਕਿਵੇਂ ਭੁੱਲ ਸਕਦਾ ਨਹੀਂ,
ਯਾਦ ਮੈਨੂੰ ਨੇ ਉਹ ਪਲ ਤੇਰੀ ਪਹਿਲਦੇ।

ਖ਼ਬਰੇ ਕਿਸ ਦਾ ਹੈ ਡਰ ਖ਼ਬਰੇ ਕਿਸ ਦਾ ਹੈ ਭੈਅ?
ਹੁਣ ਤਾਂ ਰਹਿੰਦੇ ਨੇ ਲੋਕਾਂ ਦੇ ਦਿਲ ਦਹਿਲਦੇ।

ਇਹਨਾਂ ਨੂੰ ਹੈ ਕਿਰਾਇਆ ਦੇਣਾ ਪਿਆ,
ਲੋਕ ਛਾਵੇਂ ਖੜ੍ਹੇ ਜੋ ਤੇਰੇ ਮਹਿਲ ਦੇ।

ਸਾਨੂੰ ਪੁੱਛਿਆ ਕਿਸੇ ਵੀ ਨਾ ਪਾਣੀ ਦਾ ਘੁੱਟ,
ਬੜੇ ਚਰਚੇ ਸੁਣੇ ਸੀ ਤੇਰੇ ਮਹਿਲ ਦੇ।

***

## ਪਪੀਹਾ ਬੋਲਦਾ ਹੈ

ਪਪੀਹਾ ਬੋਲਦਾ ਹੈ।
ਮੇਰਾ ਦਿਲ ਡੋਲਦਾ ਹੈ।

ਉਹ ਜਦ ਵੀ ਬੋਲਦਾ ਹੈ।
ਉਹ ਮਿਸ਼ਰੀ ਘੋਲਦਾ ਹੈ।

ਮੇਰੇ ਬਾਰੇ ਜ਼ਮਾਨਾ,
ਬੜਾ ਕੁਝ ਬੋਲਦਾ ਹੈ।

ਜ਼ਮਾਨਾ ਹੈ ਬੜਾ ਸ਼ਾਤਿਰ,
ਮੁਹੱਬਤ ਤੋਲਦਾ ਹੈ।

ਸਤਾਉਂਦਾ ਦੁੱਖ ਨਹੀਂ ਉਸ ਨੂੰ ,
ਜੋ ਦੁਖੜੇ ਫੋਲਦਾ ਹੈ।



ਬਹੁਤ ਸੀ ਬੋਲਦਾ ਜੋ,
ਉਹ ਹੁਣ ਨਾ ਬੋਲਦਾ ਹੈ।

ਅਸੀਂ ਜੋ ਜੰਗ ਜਿੱਤੀ,
ਨਤੀਜਾ ਘੋਲ ਦਾ ਹੈ।

ਉਹ ਵਿਸ਼-ਕੰਨਿਆ ਦਾ ਡੰਗਿਆ,
ਉਹ ਵਿਸ਼ ਹੀ ਘੋਲਦਾ ਹੈ।

ਹੈ ਜਿਸਨੂੰ ਇਸ਼ਕ ਕਹਿੰਦੇ,
ਉਹ ਰੱਜ ਕੇ ਰੋਲਦਾ ਹੈ।

ਮੇਰਾ ਸਾਇਆ ਹੈ ਰੁੱਸਿਆ,
ਨਹੀਂ ਹੁਣ ਬੋਲਦਾ ਹੈ।

***

## ਲੋਕ ਮਰਦੇ

ਲੋਕ ਮਰਦੇ ਇਸ਼ਕ ਵਿਚ!
ਹਉਕੇ ਭਰਦੇ ਇਸ਼ਕ ਵਿਚ!

ਲੋਕ ਮਰਦੇ ਇਸ਼ਕ ਵਿਚ!
ਪਾਉਣ ਪਰਦੇ ਇਸ਼ਕ ਵਿਚ!

ਲੋਕ ਮਰਦੇ ਇਸ਼ਕ ਵਿਚ!
ਦਰਦ ਜਰਦੇ ਇਸ਼ਕ ਵਿਚ!

ਲੋਕ ਪਾਉਂਦੇ ਪੈਰ ਨੇ,
ਡਰਦੇ-ਡਰਦੇ ਇਸ਼ਕ ਵਿਚ!

ਇਹ ਤਾਂ ਕਿੰਨਾ ਹੈ ਗਰਮ,
ਲੋਕ ਠਰਦੇ ਇਸ਼ਕ ਵਿਚ!

ਮੇਰੇ ਵਰਗੇ ਸਿਰਫਿਰੇ,
ਇਹ ਕੀ ਕਰਦੇ ਇਸ਼ਕ ਵਿਚ?



ਲੋਕ ਲਾਉਂਦੇ ਤਾਰੀਆਂ,
ਡਰਦੇ-ਡਰਦੇ ਇਸ਼ਕ ਵਿਚ!

ਦੁੱਖ, ਤਕਲੀਫ਼ਾਂ ਤੇ ਦਰਦ,
ਜੱਗ ਭਰ ਦੇ ਇਸ਼ਕ ਵਿਚ!

ਲੋਕ ਪੈਰੀਂ ਹੁਸਨ ਦੇ,
ਮੁਕਟ ਧਰਦੇ ਇਸ਼ਕ ਵਿਚ!

ਹੁਸਨ! ਮੈਨੂੰ ਬਖ਼ਸ਼ ਦੇ,
ਮੁਕਤ ਕਰਦੇ ਇਸ਼ਕ ਵਿਚ!

ਅੰਤ ਹੈ ਸਾਝਾਂ ਜਿਹਾ,
ਜੱਗ ਭਰਦੇ ਇਸ਼ਕ ਵਿਚ!

ਲੋਕ ਤਾਂ ਅਣਹੋਣੀਆਂ,
ਕਰ ਗੁਜ਼ਰਦੇ ਇਸ਼ਕ ਵਿਚ।

ਡੁੱਲ ਜਾਂਦੇ ਡੁੱਬ ਨੇ,
ਖਾਰ ਤਰਦੇ ਇਸ਼ਕ ਵਿਚ।

ਲੋਕ ਵਿੱਤੋਂ ਵੀ ਪਰ੍ਹੇ,
ਕੌਲ ਕਰਦੇ ਇਸ਼ਕ ਵਿਚ।

ਹੁਸਨ ਵਾਲੇ ਇਸ਼ਕ 'ਤੇ,
ਵਾਰ ਕਰਦੇ ਇਸ਼ਕ ਵਿਚ।

ਦਲਦਲੀ ਤਲ ਫੇਰ ਵੀ,
ਲੋਕ ਤਰਦੇ ਇਸ਼ਕ ਵਿਚ।

ਰੋਜ਼ ਜੀਉਂਦੇ ਲੋਕ ਨੇ,
ਰੋਜ਼ ਮਰਦੇ ਇਸ਼ਕ ਵਿਚ।

ਹੁਣ ਤੂੰ 'ਇਕਵਿੰਦਰ' ਅਜਬ,
ਰੰਗ ਭਰਦੇ ਇਸ਼ਕ ਵਿਚ!

***



# ਅੱਜ ਲੰਮੀ-ਚੌੜੀ

ਅੱਜ ਲੰਮੀ-ਚੌੜੀ ਗੱਲਬਾਤ ਹੋਣੀ ਚਾਹੀਦੀ।
ਸੱਜਣਾਂ ਦੇ ਨਾਲ ਮੁਲਾਕਾਤ ਹੋਣੀ ਚਾਹੀਦੀ।

ਜ਼ਿੰਦਗੀ ਪਿਆਸੀ ਮੈਥੋਂ ਦੇਖੀ ਨਹੀਓਂ ਜਾਂਦੀ ਏ,
ਜ਼ੋਰ-ਸ਼ੋਰ ਨਾਲ ਬਰਸਾਤ ਹੋਣੀ ਚਾਹੀਦੀ।

ਜਦੋਂ ਤੁਸੀਂ ਦਿਨ ਆਖੋ ਦਿਨ ਹੋਣਾ ਚਾਹੀਦਾ,
ਜਦੋਂ ਤੁਸੀਂ ਰਾਤ ਆਖੋ ਰਾਤ ਹੋਣੀ ਚਾਹੀਦੀ।

ਹੁਣੇ ਤੁਸੀਂ ਆਏ ਹੋ ਤੇ ਹੁਣੇ ਮੁੜ ਚੱਲੇ ਹੋ,
ਏਨੀ ਛੋਟੀ ਵੀ ਨਾ ਮੁਲਾਕਾਤ ਹੋਣੀ ਚਾਹੀਦੀ।

ਬਹਿਰਾਂ ਦੇ ਪਹਾੜਿਆਂ ਨੂੰ ਦੂਰ ਕਿਤੇ ਰੱਖ ਕੇ,
ਸ਼ਾਇਰੀ 'ਚ ਡੂੰਘੀ ਗੱਲਬਾਤ ਹੋਣੀ ਚਾਹੀਦੀ।

ਏਹੋ ਹੀ ਦੁਆ ਹੈ ਮੇਰੀ ਏਹੋ ਹੀ ਦੁਆ ਹੈ!
ਜੱਗ ਵਿਚ ਨਹੀਓਂ ਜਾਤ-ਪਾਤ ਹੋਣੀ ਚਾਹੀਦੀ।

ਰੁੱਸੀ ਸਾਡੀ ਜ਼ਿੰਦਗੀ ਹੈ ਕਿਹੜੀ ਗੱਲੋਂ ਸਾਡੇ ਨਾਲ?
ਪੂਰੀ-ਪੂਰੀ ਸਾਰੀ ਤਹਿਕੀਕਾਤ ਹੋਣੀ ਚਾਹੀਦੀ।

***

## ਮਹਿਫ਼ਿਲ 'ਚ ਲੋਕ

ਮਹਿਫ਼ਿਲ 'ਚ ਲੋਕ ਆਏ ਰੂਹਾਂ ਪਿਆਸੀਆਂ ਨੇ।
ਇਕ ਜੇਬ ਵਿਚ ਨੇ ਹਾਸੇ ਇਕ ਵਿਚ ਉਦਾਸੀਆਂ ਨੇ।

ਸਾਡੇ ਲਈ ਤਾਂ ਸਾਕੀ! ਲਾਉਂਦਾ ਏਂ ਦੇਰ ਡਾਢੀ,
ਗ਼ੈਰਾਂ ਲਈ ਤੂੰ ਕੱਢਦੈਂ ਝੱਟ-ਪੱਟ ਗਿਲਾਸੀਆਂ ਨੇ।

ਦਿਲ ਦੇ ਗਲੇਸ਼ੀਅਰ ਨੇ ਖੁਰਨਾ ਨਹੀਂ ਹੈ ਛੇਤੀਂ,
ਮੈਂ ਜਾਣਦਾ ਹਾਂ ਰਾਹ ਵਿਚ ਨਦੀਆਂ ਪਿਆਸੀਆਂ ਨੇ।

ਦੱਸਦਾ ਨਹੀਂ ਹੈ ਗਾਇਡ ਸੱਚ ਤਾਜ-ਮਹਿਲ ਬਾਰੇ,
ਕਿੰਨਾ ਲਹੂ ਵਗਾਇਆ ਦਾਸਾਂ ਤੇ ਦਾਸੀਆਂ ਨੇ।

ਮੁੜੀਏ ਘਰਾਂ ਨੂੰ ਯਾਰੋ! ਭਟਕਣ ਨੂੰ ਮਿਲ ਲਿਆ ਹੈ,
ਸੜਕਾਂ ਵੀ ਲੈਂਦੀਆਂ ਹੁਣ ਲੰਮੀਆਂ ਉਬਾਸੀਆਂ ਨੇ।

ਇਹ ਜਾਣ ਲੈ ਤੂੰ ਯਾਰਾ! ਪਹਿਚਾਣ ਲੈ ਤੂੰ ਯਾਰਾ!!
ਘੁਣ ਵਾਂਗ ਲਗਦੀਆਂ ਨੇ ਇਹ ਜੋ ਉਦਾਸੀਆਂ ਨੇ।

ਅੱਜ ਆਉਣ ਦਾ ਹੈ ਵਾਅਦਾ ਉਹਨਾਂ ਦਾ 'ਇਕਵਿੰਦਰ',
ਕੀਤੀ ਹੈ ਦੀਪ-ਮਾਲ਼ਾ ਦਿਲ ਦੇ ਨਿਵਾਸੀਆਂ ਨੇ।

***



## ਤੇਰੇ ਰੁਖ਼ਸਾਰ ਦਾ

ਤੇਰੇ ਰੁਖ਼ਸਾਰ ਦਾ ਤਿਲ।
ਇਹ ਮੇਰਾ ਲੈ ਗਿਆ ਦਿਲ।

ਤੇਰੇ ਰੁਖ਼ਸਾਰ ਦਾ ਜੋ,
ਹੈ ਤਿਲ ਬੇ-ਰਹਿਮ ਕਾਤਿਲ।

ਬੜੇ ਨਜ਼ਦੀਕੀਆਂ ਵਿਚ,
ਤੂੰ ਮੈਨੂੰ ਕਰ ਲੈ ਸ਼ਾਮਿਲ।

ਨਾ ਤਿਲ-ਤਿਲ ਮਾਰ ਮੈਨੂੰ,
ਮੇਰੇ ਮਾਸੂਮ ਕਾਤਿਲ।

ਨਦੀ ਤੂੰ ਸ਼ੂਕਦੀ ਏਂ,
ਮੈਂ ਤਿਰਹਾਇਆ ਹਾਂ ਸਾਹਿਲ।

ਤੂੰ ਸਿੱਖ ਤਲਵਾਰ ਫੜਨੀ,
ਮੇਰੇ ਮਾਸੂਮ ਕਾਤਿਲ।

ਕਦੋਂ ਹੋਣੀ ਏਂ ਸਾਂਝੀਂ?
ਤੇਰੀ ਤੇ ਮੇਰੀ ਮੰਜ਼ਿਲ।

ਹਰ ਇਕ ਮਹਿਫ਼ਿਲ 'ਚ ਚਮਕੇ,
ਮੇਰੇ ਮਹਿਬੂਬ ਦਾ ਤਿਲ।

***

## ਤੂੰ ਨਜ਼ਮਾਂ ਦੀ ਨਹਿਰ

ਤੂੰ ਨਜ਼ਮਾਂ ਦੀ ਨਹਿਰ।
ਮੈਂ ਗੀਤਾਂ ਦਾ ਸ਼ਹਿਰ।

ਮੁੜ੍ਹਕੋ-ਮੁੜ੍ਹਕੀ ਸ਼ਹਿਰ।
ਠਿਠਰੀ-ਠਿਠਰੀ ਨਹਿਰ।

ਉਸ ਸ਼ੀਸ਼ੀ ਦੀ ਮੰਗ,
ਜਿਸ 'ਤੇ ਲਿਖਿਆ ਜ਼ਹਿਰ।

ਮੈਂ ਹਾਂ ਧੁੰਦਲੀ ਸ਼ਾਮ,
ਤੂੰ ਏਂ ਸਿਖ਼ਰ ਦੁਪਹਿਰ।

ਸੱਪਾਂ ਤੋਂ ਵੀ ਤੇਜ਼,
ਇਨਸਾਨਾਂ ਦਾ ਜ਼ਹਿਰ।



ਅੰਦਰੋਂ ਪੱਕ-ਪਰੋਢ,
ਬਾਹਰੋਂ ਕੱਚੀ ਨਹਿਰ।

ਦੇਸੀ ਮੇਰੇ ਬੋਲ,
ਪਰਦੇਸੀ ਹੈ ਬਹਿਰ।

ਛਿੜਕ ਗਿਆ ਹੈ ਕੌਣ?
ਅੱਖਰਾਂ ਦੇ ਵਿਚ ਜ਼ਹਿਰ।

ਹੈ ਅੱਖੀਆਂ ਤੋਂ ਦੂਰ,
ਬੰਸਰੀਆਂ ਦਾ ਸ਼ਹਿਰ।

ਆਇਆ ਨਾ ਦਿਲਦਾਰ,
ਵਕਤ ਗਿਆ ਹੈ ਠਹਿਰ।

***

# ਮਛਲੀਆਂ ਪਾਣੀ

ਮਛਲੀਆਂ ਪਾਣੀ ਦੇ ਉੱਤੇ ਤਰਦੀਆਂ ਨੇ।
ਲੋਕ ਇਹ ਸਮਝਣ ਮੁਹੱਬਤ ਕਰਦੀਆਂ ਨੇ।

ਮੇਰਾ ਬੁੱਢਾ ਕੋਟ ਕੰਬਿਆ ਰਾਤ ਸਾਰੀ,
ਜਦ ਇਹ ਸੁਣਿਆ ਬਹੁਤ ਨੇੜੇ ਸਰਦੀਆਂ ਨੇ।

ਬਹੁਤ ਚਿਰ ਪਹਿਲਾਂ ਦੀ ਡੂੱਬ ਚੁੱਕੀ ਵਫ਼ਾ ਹੈ,
ਸਿਸਕੀਆਂ ਹਾਲੇ ਵੀ ਲਹਿਰਾਂ ਭਰਦੀਆਂ ਨੇ।

ਹੋਸਟਲ ਦੀ ਛੱਤ ’ਤੇ ਚੰਦ ਠਹਿਰਦਾ ਹੈ,
ਅੱਜ ਕੱਲ੍ਹ ਕੁੜੀਆਂ ਇਹ ਗੱਲਾਂ ਕਰਦੀਆਂ ਨੇ।

ਮੈਂ ਕਿਉਂ ਨਿੰਦਿਆ ਕਰਾਂ ਬੇਗ਼ਾਨਿਆਂ ਦੀ,
ਦਰਦ ਦਿੱਤੇ ਨੇ ਬੜੇ ਹਮਦਰਦੀਆਂ ਨੇ।



ਦੇਰ ਕਰ ਕੇ ਪਹੁੰਚਣਾ ਮੁੜਨਾ ਸੁਵੇਲੇ,
ਆਦਤਾਂ ਮਹਿਬੂਬ ਵਿਚ ਅਫ਼ਸਰ ਦੀਆਂ ਨੇ।

ਤਰਲ ਮਨ ਵਿਚੋਂ ਮੈਂ ਜਦ ਵੀ ਝਾਕਦਾ ਹਾਂ,
ਠੋਸ ਤਸਵੀਰਾਂ ਉਦੋਂ ਉੱਭਰਦੀਆਂ ਨੇ।

ਮੇਰੀ ਚੁੱਪ ਨੂੰ ਤਾੜ ਕੇ ਉਹਨਾਂ ਕਿਹਾ ਹੈ,
ਆਪ ਨੂੰ ਗੱਲਾਂ ਬਹੁਤ ਉੱਤਰਦੀਆਂ ਨੇ।

ਆਪ ਨੂੰ ਹੈ ਫ਼ਿਕਰ ਅਪਣੇ ਰੂਪ ਦੀ ਹੀ,
ਸਾਨੂੰ ਚਿੰਤਾਵਾਂ ਜ਼ਮਾਨੇ ਭਰਦੀਆਂ ਨੇ।

ਘਰ ਅਸਾਡੇ ਬਿਜਲੀਆਂ ਨੂੰ ਭੇਜ ਦੇਵੋ,
ਇਹ ਸ਼ੁਦੈਣਾਂ ਬਾਹਰ ਕਾਹਨੂੰ ਠਰਦੀਆਂ ਨੇ?

***

## ਗੁਲ-ਗੁਲਸ਼ਨ-ਗੁਲਫ਼ਾਮ

ਗੁਲ-ਗੁਲਸ਼ਨ-ਗੁਲਫ਼ਾਮ ਲਿਖਾਂਗਾ।
ਤੇਰੇ ਸੌ-ਸੌ ਨਾਮ ਲਿਖਾਂਗਾ।

ਸੁਬਹ ਲਿਖਾਂਗਾ ਸ਼ਾਮ ਲਿਖਾਂਗਾ।
ਗੀਤ ਮੈਂ ਤੇਰੇ ਨਾਮ ਲਿਖਾਂਗਾ।

ਦਰਦ ਨੂੰ ਮੈਂ ਆਰਾਮ ਲਿਖਾਂਗਾ।
ਮੈਂ ਤੇਰਾ ਪੈਗ਼ਾਮ ਲਿਖਾਂਗਾ।

ਸੁਬਹ ਲਿਖਾਂਗਾ ਸ਼ਾਮ ਲਿਖਾਂਗਾ।
ਉਲਫ਼ਤ ਦਾ ਅੰਜਾਮ ਲਿਖਾਂਗਾ।

ਅੱਲ੍ਹਾ ਲਿਖਾਂਗਾ ਮੰਦਰ ਤੇ ਮੈਂ,
ਮਸਜਿਦ 'ਤੇ ਮੈਂ ਰਾਮ ਲਿਖਾਂਗਾ।

ਹੋਰ ਲਿਖਾਂਗਾ ਸਭ 'ਇਕਵਿੰਦਰ',
ਇਸ਼ਕ ਨਹੀਂ ਨਾਕਾਮ ਲਿਖਾਂਗਾ।

***



## ਸ਼ੀਸ਼ੇ ਦੀ ਗ਼ਜ਼ਲ

ਸ਼ੀਸ਼ੇ ਦੀ ਗ਼ਜ਼ਲ ਪੱਥਰ ਦੀ ਗ਼ਜ਼ਲ!
ਹੁਣ ਰੋਜ਼ ਨ੍ਹਿਤ ਹੈ ਕਰਦੀ ਗ਼ਜ਼ਲ!

ਸਭ ਜ਼ਖ਼ਮ ਪੁਰਾਣੇ ਭਰ ਜਾਂਦੇ,
ਜਦ ਬਾਹਾਂ ਵਿਚ ਹੈ ਭਰਦੀ ਗ਼ਜ਼ਲ!

ਇਹ ਨਿੱਘ ਦਿੰਦੀ ਹੈ ਗ਼ੈਰਾਂ ਨੂੰ,
ਤੇ ਖ਼ੁਦ ਭਾਵੇਂ ਹੈ ਠਰਦੀ ਗ਼ਜ਼ਲ!

ਇਹ ਸੜਦੀ ਤਪਦੇ ਥਲ ਅੰਦਰ,
ਇਹ ਇਸ਼ਕ-ਝਨਾਂ ਵਿਚ ਠਰਦੀ ਗ਼ਜ਼ਲ!

ਜਦ ਕੋਈ ਸਕਤਾ ਪੈ ਜਾਵੇ,
ਮਹਿਸੂਸ ਬੜਾ ਹੈ ਕਰਦੀ ਗ਼ਜ਼ਲ!

ਗੱਜ-ਵੱਜ ਕੇ ਕਹਾਂ ਪੰਜਾਬੀ ਦੀ,
ਹੁਣ 'ਇਕਵਿੰਦਰ' ਨਾ ਮਰਦੀ ਗ਼ਜ਼ਲ!

***

## ਆਦਮੀ ਦਾ ਬਦਲਦਾ ਕਿਰਦਾਰ

ਆਦਮੀ ਦਾ ਬਦਲਦਾ ਕਿਰਦਾਰ ਇਕ ਹੀ ਮਿੰਟ. ਵਿਚ।
ਤਿੜਕਦੀ ਇਤਬਾਰ ਦੀ ਦੀਵਾਰ ਇਕ ਹੀ ਮਿੰਟ ਵਿਚ।

ਲੋਕ ਕਰ ਲੈਂਦੇ ਨੇ ਹੁਣ ਇਤਬਾਰ ਇਕ ਹੀ ਮਿੰਟ ਵਿਚ।
ਲੋਕ ਲੈਂਦੇ ਨੇ ਬਦਲ ਦਸਤਾਰ ਇਕ ਹੀ ਮਿੰਟ ਵਿਚ।

ਜੋ ਵੀ ਕੁਛ ਕਹਿਣਾ ਕਹੋ ਦਿਲਦਾਰ ਇਕ ਹੀ ਮਿੰਟ ਵਿਚ।
ਕਰ ਦਿਓ ਇਨਕਾਰ ਜਾਂ ਇਕਰਾਰ ਇਕ ਹੀ ਮਿੰਟ ਵਿਚ।

ਮੇਰੇ ਦਿਲ ਤੋਂ ਲਹਿ ਗਿਆ ਹੈ ਭਾਰ ਇਕ ਹੀ ਮਿੰਟ ਵਿਚ।
ਹੋ ਗਈ ਹੈ ਜ਼ਿੰਦਗੀ ਇਕ-ਸਾਰ ਇਕ ਹੀ ਮਿੰਟ ਵਿਚ।

ਦੋ ਕੁ ਮਿੰਟਾਂ ਵਿਚ ਮੇਰੇ ਮਹਿਬੂਬ ਨੇ ਹੈ ਪਹੁੰਚਣਾ,
ਕਰ ਲਵੋ ਕਲੀਓ! ਤੁਸੀਂ ਸ਼ਿੰਗਾਰ ਇਕ ਹੀ ਮਿੰਟ ਵਿਚ।



ਉਮਰ ਲੱਗ ਜਾਂਦੀ ਇਕ ਯੁੱਗ ਲੱਗ ਜਾਂਦਾ ਹੈ ਇਕ,
ਵਕਤ ਦਿੰਦਾ ਸਾੜ ਹੈ ਗੁਲਜ਼ਾਰ ਇਕ ਹੀ ਮਿੰਟ ਵਿਚ।

ਜਿਸ 'ਤੇ ਸਾਨੂੰ ਸੀ ਭਰੋਸਾ, ਜਿਸ 'ਤੇ ਸਾਨੂੰ ਸੀ ਯਕੀਨ,
ਰਾਹਬਰ ਉਹ ਬਣ ਗਿਆ ਰਾਹਮਾਰ ਇਕ ਹੀ ਮਿੰਟ ਵਿਚ।

ਅਪਣੇ ਗ਼ਮਾਂ ਦੀ ਗੱਠੜੀ ਜਦ ਮੈਂ ਦਿਖਾਈ ਖੋਲ੍ਹ ਕੇ,
ਹੋ ਗਏ ਰੁਖ਼ਸਤ ਮੇਰੇ ਗ਼ਮਖ਼ਾਰ ਇਕ ਹੀ ਮਿੰਟ ਵਿਚ।

ਇਹ ਨ੍ਰਿਤ ਕਰਦੀ ਹੋਈ ਬਿਜਲੀ ਹੈ ਜਿਹੜੀ ਲਿਸ਼ਕਦੀ,
ਫੂਕ ਦੇਣੀ ਹੈ ਇਨ੍ਹੇ ਗੁਲਜ਼ਾਰ ਇਕ ਹੀ ਮਿੰਟ ਵਿਚ।

ਵਕਤ ਦਾ ਕੋਈ ਵੀ 'ਇਕਵਿੰਦਰ' ਪਤਾ ਲੱਗਦਾ ਨਹੀਂ,
ਰਾਹਬਰ ਬਣ ਸਕਦੇ ਨੇ ਰਾਹਮਾਰ ਇਕ ਹੀ ਮਿੰਟ ਵਿਚ।

***

## ਇਵੇਂ ਸਾਥ ਤੇਰਾ

ਇਵੇਂ ਸਾਥ ਤੇਰਾ ਹੈ ਮੇਰੇ ਲਈ।
ਜਿਵੇਂ ਬੀਨ ਲਾਜ਼ਿਮ ਸਪੇਰੇ ਲਈ।

ਇਹ ਤੇਰੇ ਲਈ ਹੈ ਨਾ ਮੇਰੇ ਲਈ।
ਇਹ ਸੂਰਜ ਹੈ ਸਭ ਦੇ ਬਨੇਰੇ ਲਈ।

ਤੇਰੇ ਬਾਝ ਕੋਈ ਵੀ ਜਚਦਾ ਨਹੀਂ,
ਕਿ ਹੁਸਨ ਏਥੇ ਫਿਰਦੇ ਬਥੇਰੇ ਲਈ।

ਇਵੇਂ ਨਾ ਉਜਾੜੋ ਇਹ ਦਿਲ ਦਾ ਚਮਨ,
ਨਹੀਂ ਫੁੱਲ ਬਚਣੇ ਫੁਲੇਰੇ ਲਈ।

ਤੂੰ ਮੈਨੂੰ ਨਾ ਛੱਡੀਂ ਖ਼ੁਦਾ ਵਾਸਤੇ,
ਮੈਂ ਛੱਡਿਆ ਜ਼ਮਾਨਾ ਹੈ ਤੇਰੇ ਲਈ।

ਤੁਸੀਂ ਟਾਹਣੀ-ਟਾਹਣੀ ਨੂੰ ਛਾਂਗ ਸੁੱਟਿਆ,
ਭਟਕਦੇ ਨੇ ਪੰਛੀ ਬਸੇਰੇ ਲਈ।

ਮੁਹੱਬਤ ਦੇ ਦੀਵੇ ਜਗਾਉਂਦਾ ਪਿਆਂ,
ਬੜਾ ਵਕਤ ਮੁਸ਼ਕਿਲ ਹਨੇਰੇ ਲਈ।

***



## ਸਮਾਂ ਖ਼ੂਬਸੂਰਤ

ਸਮਾਂ ਖ਼ੂਬਸੂਰਤ ਲਿਆ ਕੇ ਰਹਾਂਗਾ।
ਦਿਲਾਂ ਵਿਚ ਮੁਹੱਬਤ ਲਿਆ ਕੇ ਰਹਾਂਗਾ।

ਮੈਂ ਧਰਤੀ 'ਤੇ ਜੰਨਤ ਲਿਆ ਕੇ ਰਹਾਂਗਾ।
ਮੈਂ ਧਰਤੀ 'ਤੇ ਬਰਕਤ ਲਿਆ ਕੇ ਰਹਾਂਗਾ।

ਜੋ ਤੂੰ ਟੰਗ ਦਿੱਤਾ ਹੈ ਬੇਰੀ ਦੇ ਉੱਤੇ,
ਮੈਂ ਉੱਥੋਂ ਤੇਰਾ ਖ਼ਤ ਲਿਆ ਕੇ ਰਹਾਂਗਾ।

ਮੈਂ ਕੀਤਾ ਹੈ ਵਾਅਦਾ ਮੈਂ ਕੀਤਾ ਪ੍ਰਣ ਹੈ,
ਮੈਂ ਗੁਲਸ਼ਨ 'ਚ ਰੰਗਤ ਲਿਆ ਕੇ ਰਹਾਂਗਾ।

ਲਿਆ ਕੇ ਰਹਾਂਗਾ ਮੈਂ ਧਰਤੀ 'ਤੇ ਜੰਨਤ,
ਮੈਂ ਧਰਤੀ 'ਤੇ ਜੰਨਤ ਲਿਆ ਕੇ ਰਹਾਂਗਾ।

ਜੋ ਖ਼ੁਦ ਨੂੰ ਸਮਝਦੇ ਨਿਮਾਣੇ-ਨਿਤਾਣੇ,
ਉਨ੍ਹਾਂ ਵਿਚ ਮੈਂ ਹਿੰਮਤ ਲਿਆ ਕੇ ਰਹਾਂਗਾ।

ਮੁਹੱਬਤ ਨੂੰ ਵਾਅਦਾ ਮੇਰਾ 'ਇਕਵਿੰਦਰ',
ਮੁਹੱਬਤ 'ਚ ਸ਼ੋਹਰਤ ਲਿਆ ਕੇ ਰਹਾਂਗਾ।

***

# ਮਹਿਕੀ-ਮਹਿਕੀ ਹੈ

ਮਹਿਕੀ-ਮਹਿਕੀ ਹੈ ਆਉਂਦੀ ਹਵਾ ਆਪ ਤੋਂ।
ਰਾਹ ਪੁੱਛਦੀ ਹੈ ਕਾਲ਼ੀ ਘਟਾ ਆਪ ਤੋਂ।

ਬਿਨਾਂ ਪੁੱਛੇ ਨਾ ਵਗਦੀ ਹਵਾ ਆਪ ਤੋਂ।
ਕਿੱਥੇ ਵਰ੍ਹਨਾ ਹੈ ਪੁੱਛਦੀ ਘਟਾ ਆਪ ਤੋਂ?

ਮੈਨੂੰ ਜੀਉਣੇ ਦਾ ਕੁਛ ਵੀ ਪਤਾ ਹੀ ਨਾ ਸੀ,
ਮੈਨੂੰ ਜੀਉਣੇ ਦਾ ਲੱਗਿਆ ਪਤਾ ਆਪ ਤੋਂ।

ਆਪ ਦੇ ਹੁਸਨ ਦਾ ਹੁਣ ਕੋਈ ਤੋੜ ਨਾ,
ਹਰ ਫ਼ਰਿਸ਼ਤਾ ਹੈ ਹੋਇਆ ਫ਼ਿਦਾ ਆਪ ਤੋਂ।

ਮੈਂ ਗੁਨਾਹਗਾਰ ਹਾਂ ਆਪਦੇ ਇਸ਼ਕ ਵਿਚ,
ਮੈਨੂੰ ਮਨਜ਼ੂਰ ਹਰ ਇਕ ਸਜ਼ਾ ਆਪ ਤੋਂ।

ਮੈਂ ਮੁਹੱਬਤ ਦੇ ਮੈਦਾਨ ਵਿਚ ਸੀ ਨਵਾਂ,
ਮੈਂ ਤਾਂ ਸਿੱਖੀ ਏ ਕਰਨੀ ਵਫ਼ਾ ਆਪ ਤੋਂ।

ਬੜਾ ਕੁਛ ਮੈਂ ਸਿੱਖਿਆ ਤੁਹਾਡੇ ਤੋਂ ਹੈ,
ਉਂਜ ਭਾਵੇਂ ਮੈਂ ਥੋੜ੍ਹਾ ਬੜਾ ਆਪ ਤੋਂ।

***



# ਮਾਏਂ ਕੀ ਤੂੰ ਗੁੰਨ੍ਹਦੀ

ਮਾਏਂ ਕੀ ਤੂੰ ਗੁੰਨ੍ਹਦੀ ਹੁੰਦੀ ਸੀ ਪਰਾਤ ਵਿਚ।
ਏਨਾਂ ਤਾਂ ਸੁਆਦ ਕਦੇ ਆਇਆ ਨਾ ਬਰਾਤ ਵਿਚ।

ਭੇਜ ਸਾਨੂੰ ਰੱਬਾ! ਮੁੜ ਓਸੇ ਹੀ ਜਮਾਤ ਵਿਚ।
ਕਾਨੀਆਂ ਡੁਬੋਈਏ ਜਿੱਥੇ ਇੱਕੋ ਹੀ ਦਵਾਤ ਵਿਚ।

ਆਪ ਇਕ ਦੂਸਰੇ ਦੇ ਨਾਲ ਪਾਉਂਦੇ ਜੱਫੀਆਂ,
ਸਾਨੂੰ ਜੋ ਲੜਾਉਂਦੇ ਆਏ ਰੋਜ਼ ਜਾਤ-ਪਾਤ ਵਿਚ।

ਕਦੀ ਏਸ ਨੁੱਕਰੇ ਤੇ ਕਦੀ ਓਸ ਨੁੱਕਰੇ,
ਕਈ ਵਾਰੀ ਇਉਂ ਅਸੀਂ ਸੁੱਤੇ ਬਰਸਾਤ ਵਿਚ।

ਪਹਿਲੀ ਹੀ ਫੁਹਾਰ ਵਿਚ ਚੁੱਲਾ ਭਿੱਜ ਜਾਂਦਾ ਏਂ,
ਸਾਡੇ ਨਹੀਓਂ ਪੱਕਦੇ ਨੇ ਪੂੜੇ ਬਰਸਾਤ ਵਿਚ।

ਕਿਹਦੀ ਯਾਦ ਆ ਕੇ ਮੇਰੀ ਨੀਂਦ ਨੂੰ ਉਖਾੜਿਆ,
ਸਾਰੀ ਰਾਤ ਲੱਗੇ ਰਹੇ ਨੈਣ ਤਹਿਕੀਕਾਤ ਵਿਚ।

***

## ਬੜੇ ਹੀ ਗ਼ਜ਼ਬ ਦੇ

ਬੜੇ ਹੀ ਗ਼ਜ਼ਬ ਦੇ ਬਹਾਨੇ ਨੇ ਤੇਰੇ।
ਬੜੇ ਲੰਮੇ-ਲੰਮੇ ਫ਼ਸਾਨੇ ਨੇ ਤੇਰੇ।

ਇਨ੍ਹਾਂ ਦੀ ਹੀ ਛਾਂ ਨੂੰ ਤਰਸਦੀ ਹੈ ਦੁਨੀਆ,
ਇਹ ਪਲਕਾਂ ਨਹੀਂ ਸ਼ਾਮਿਆਨੇ ਨੇ ਤੇਰੇ।

ਕਿਸੇ ਹੋਰ ਥਾਂ 'ਤੇ ਟਿਕੀ ਅੱਖ ਤੇਰੀ,
ਕਿਸੇ ਹੋਰ ਥਾਂ 'ਤੇ ਨਿਸ਼ਾਨੇ ਨੇ ਤੇਰੇ।

ਇਨ੍ਹਾਂ ਨੂੰ ਤੂੰ ਚੁੱਪਚਾਪ ਬੁੱਕਲ਼ 'ਚ ਲੈ-ਲੈ,
ਭਲੇ ਜਾਂ ਬੁਰੇ ਸਭ ਜ਼ਮਾਨੇ ਨੇ ਤੇਰੇ।

ਇਨ੍ਹਾਂ ਵਿਚ ਹੈ ਖ਼ਾਬਾਂ ਦੀ ਤਾਬੀਰ ਬਣਦੀ,
ਇਹ ਅੱਖੀਆਂ ਨਹੀਂ ਕਾਰਖ਼ਾਨੇ ਨੇ ਤੇਰੇ।

ਤਰਾਨੇ ਨੇ ਤੇਰੇ ਜ਼ਮਾਨੇ ਦੇ ਬਾਹਰ,
ਜ਼ਮਾਨੇ ਦੇ ਅੰਦਰ ਤਰਾਨੇ ਨੇ ਤੇਰੇ।

***



## ਬੇ-ਮਤਲਬ ਤਲਵਾਰ

ਬੇ-ਮਤਲਬ ਤਲਵਾਰ ਕਦੇ ਨਈਂ ਕੱਢੀਦੀ।
ਰਾਗ ਬਿਨਾਂ ਟੁਣਕਾਰ ਕਦੇ ਨਈਂ ਕੱਢੀਦੀ।

ਦਿਲ ਦੀ ਗੱਲ ਦਿਲਦਾਰ ਕਦੇ ਨਈਂ ਕੱਢੀਦੀ।
ਘਰ ਆਈ ਗੁਲਜ਼ਾਰ ਕਦੇ ਨਈਂ ਕੱਢੀਦੀ।

ਬਾਣੀ ਧੂੰਆਂ-ਧਾਰ ਕਦੇ ਨਈਂ ਕੱਢੀਦੀ।
ਰਸਤੇ ਵਿਚ ਦੀਵਾਰ ਕਦੇ ਨਈਂ ਕੱਢੀਦੀ।

ਉਹ ਕਾਗ਼ਜ਼ ਦਾ ਟੁਕੜਾ ਬਣ ਕੇ ਰਹਿ ਜਾਣੇ,
ਨੋਟਾਂ ਵਿੱਚੋਂ ਤਾਰ ਕਦੇ ਨਈਂ ਕੱਢੀਦੀ।

ਜੋ ਅਪਣੀ ਹੀ ਜੀਭ ਨੂੰ ਜ਼ਖ਼ਮੀ ਕਰ ਦੇਵੇ,
ਐਸੀ ਬੋਲ਼ੀ ਯਾਰ ਕਦੇ ਨਈਂ ਕੱਢੀਦੀ।

ਮੰਜ਼ਿਲ ਨੂੰ ਜੇ ਸਰ ਕਰਨਾ ਹੈ 'ਇਕਵਿੰਦਰ',
ਪੈਰਾਂ 'ਚੋਂ ਰਫ਼ਤਾਰ ਕਦੇ ਨਈਂ ਕੱਢੀਦੀ।

***

## ਪਰਿੰਦੇ ਚਹਿਚਾਉਂਦੇ ਨੇ

ਪਰਿੰਦੇ ਚਹਿਚਹਾਉਂਦੇ ਨੇ ਮੇਰੇ ਮਹਿਬੂਬ ਦੀ ਛੱਤ 'ਤੇ।
ਬੜੀ ਰੌਣਕ ਲਗਾਉਂਦੇ ਨੇ ਮੇਰੇ ਮਹਿਬੂਬ ਦੀ ਛੱਤ 'ਤੇ।

ਫ਼ਰਿਸ਼ਤੇ ਰੋਜ਼ ਆਉਂਦੇ ਨੇ ਮੇਰੇ ਮਹਿਬੂਬ ਦੀ ਛੱਤ 'ਤੇ।
ਗ਼ਜ਼ਲ-ਦਰਬਾਰ ਲਾਉਂਦੇ ਨੇ ਮੇਰੇ ਮਹਿਬੂਬ ਦੀ ਛੱਤ 'ਤੇ।

ਪਰਿੰਦੇ ਚਹਿਚਹਾਉਂਦੇ ਨੇ ਮੇਰੇ ਮਹਿਬੂਬ ਦੀ ਛੱਤ 'ਤੇ।
ਉਹ ਰੱਬੀ ਗੀਤ ਗਾਉਂਦੇ ਨੇ ਮੇਰੇ ਮਹਿਬੂਬ ਦੀ ਛੱਤ 'ਤੇ।

ਖ਼ੁਦਾ ਤੱਕ ਪਹੁੰਚ ਚੁੱਕਿਆ ਹੈ ਉਨਾਂ ਦੇ ਹੁਸਨ ਦਾ ਚਰਚਾ,
ਫ਼ਰਿਸ਼ਤੇ ਰੋਜ਼ ਆਉਂਦੇ ਨੇ ਮੇਰੇ ਮਹਿਬੂਬ ਦੀ ਛੱਤ 'ਤੇ।

ਮੇਰੇ ਮਹਿਬੂਬ ਨੇ ਤਾਂ ਸ਼ਾਮ ਵੇਲੇ ਟਹਿਲਣਾ ਹੁੰਦਾ,
ਛਤਰ ਬੱਦਲ ਝੁਲਾਉਂਦੇ ਨੇ ਮੇਰੇ ਮਹਿਬੂਬ ਦੀ ਛੱਤ 'ਤੇ।

ਜ਼ਮਾਨੇ ਵਿਚ ਹਨੇਰਾ ਹੀ ਹਨੇਰਾ ਜਿਸ ਸਮੇਂ ਹੁੰਦਾ,
ਸਿਤਾਰੇ ਝਿਲਮਿਲਾਉਂਦੇ ਨੇ ਮੇਰੇ ਮਹਿਬੂਬ ਦੀ ਛੱਤ 'ਤੇ।

ਜਿਨ੍ਹਾਂ ਦਾ ਹੋਰ ਕਿਧਰੇ ਵੀ ਕਦੇ ਮਸਤਕ ਨਹੀਂ ਝੁਕਦਾ,
ਉਹੀ ਮਸਤਕ ਝੁਕਾਉਂਦੇ ਨੇ ਮੇਰੇ ਮਹਿਬੂਬ ਦੀ ਛੱਤ 'ਤੇ।

***



## ਜ਼ਿੰਦਗੀ ਹੈ ਕਮਾਲ

ਜ਼ਿੰਦਗੀ ਹੈ ਕਮਾਲ ਫੁੱਲਾਂ ਦੀ।
ਜਗਮਗਾਉਂਦੀ ਮਸ਼ਾਲ ਫੁੱਲਾਂ ਦੀ।

ਜ਼ਿੰਦਗੀ ਹੈ ਵਿਸ਼ਾਲ ਫੁੱਲਾਂ ਦੀ।
ਜ਼ਿੰਦਗੀ ਬੇ-ਮਿਸਾਲ ਫੁੱਲਾਂ ਦੀ।

ਇਹ ਜੋ ਕੰਡਾ ਹੈ ਆਪਦੇ ਚੁੱਭਿਆ,
ਇਸ 'ਚ ਕੋਈ ਨਾ ਚਾਲ ਫੁੱਲਾਂ ਦੀ।

ਮੈਂ ਤਾਂ ਹਾਲਤ ਨਹੀਂ ਹਾਂ ਦੇਖ ਸਕਦਾ,
ਧੁੱਪ 'ਚ ਹੋਏ ਨਿਢਾਲ ਫੁੱਲਾਂ ਦੀ।

ਰਾਜ ਕੰਡਿਆਂ ਦਾ ਹੋ ਕੇ ਰਹਿਣਾ ਹੈ,
ਜੇ ਨਾ ਹੋਈ ਸੰਭਾਲ ਫੁੱਲਾਂ ਦੀ।

ਮੇਰੇ ਦਿਲ ਵਿਚ ਤਾਂ ਝਾਕ ਕੇ ਦੇਖੋ,
ਹੋਈ ਪਈ ਏ ਕਮਾਲ ਫੁੱਲਾਂ ਦੀ।

ਤੇਰੀ ਉਪਮਾ ਜਦੋਂ-ਜਦੋਂ ਹੁੰਦੀ ਏ,
ਲੋਕ ਦਿੰਦੇ ਮਿਸਾਲ ਫੁੱਲਾਂ ਦੀ।

ਮੈਨੂੰ ਏਦਾਂ ਕਿਉਂ ਲਗਦਾ 'ਇਕਵਿੰਦਰ',
ਸਾਰੀ ਦੁਨੀਆ ਦਲਾਲ ਫੁੱਲਾਂ ਦੀ।

***

## ਤਿੱਤਲੀਆਂ ਫੁੱਲਾਂ ਦੇ

ਤਿੱਤਲੀਆਂ ਫੁੱਲਾਂ ਦੇ ਉੱਤੇ ਤਰਦੀਆਂ ਨੇ।
ਲੋਕ ਇਹ ਸਮਝਣ ਮੁਹੱਬਤ ਕਰਦੀਆਂ ਨੇ।

ਮੇਰਾ ਬੁੱਢਾ ਕੋਟ ਕੰਬਿਆ ਰਾਤ ਸਾਰੀ,
ਜਦ ਇਹ ਸੁਣਿਆ ਬਹੁਤ ਨੇੜੇ ਸਰਦੀਆਂ ਨੇ।

ਬਹੁਤ ਚਿਰ ਪਹਿਲਾਂ ਦੀ ਡੁੱਬ ਚੁੱਕੀ ਵਫ਼ਾ ਹੈ,
ਸਿਸਕੀਆਂ ਹਾਲੇ ਵੀ ਲਹਿਰਾਂ ਭਰਦੀਆਂ ਨੇ।

ਹੋਸਟਲ ਦੀ ਛੱਤ 'ਤੇ ਚੰਦ ਉਤਰਦਾ ਹੈ,
ਅੱਜ ਕੱਲ੍ਹ ਕੁੜੀਆਂ ਇਹ ਗੱਲਾਂ ਕਰਦੀਆਂ ਨੇ।

ਮੈਂ ਕਿਉਂ ਨਿੰਦਿਆ ਕਰਾਂ ਬੇਗਾਨਿਆਂ ਦੀ,
ਦਰਦ ਦਿੱਤੇ ਨੇ ਬੜੇ ਹਮਦਰਦੀਆਂ ਨੇ।

ਦੇਰ ਕਰਕੇ ਪਹੁੰਚਣਾ, ਮੁੜਨਾ ਸੁਵੇਲੇ,
ਆਦਤਾਂ ਮਹਿਬੂਬ ਵਿਚ ਅਫ਼ਸਰ ਦੀਆਂ ਨੇ।

ਤਰਲ ਮਨ 'ਚੋਂ ਮੈਂ ਜਦੋਂ ਵੀ ਝਾਕਦਾ ਹਾਂ,
ਠੋਸ ਤਸਵੀਰਾਂ ਉਦੋਂ ਉੱਭਰਦੀਆਂ ਨੇ।

***



## ਤੇਰੀ ਤਸਵੀਰ

ਤੇਰੀ ਤਸਵੀਰ ਬਣਾ ਕੇ ਹਟਿਆਂ।
ਖ਼ੁਸ਼ਬੂ-ਖ਼ੁਸ਼ਬੂ ਮੈਂ ਖਿੰਡਾ ਕੇ ਹਟਿਆਂ।

ਤਾਰੇ ਅਰਸ਼ਾਂ 'ਤੇ ਟਿਕਾ ਕੇ ਹਟਿਆਂ
ਗ਼ਮ ਦੇ ਪੰਛੀ ਮੈਂ ਉਡਾ ਕੇ ਹਟਿਆਂ

ਮੈਨੂੰ ਦੇਵੋ ਨਾ ਨਵਾਂ ਜ਼ਖ਼ਮ ਕੋਈ,
ਮੈਂ ਤਾਂ ਸੌ ਦਰਦ ਹੰਢਾ ਕੇ ਹਟਿਆਂ

ਕਾਲੇ ਹਰਫ਼ਾਂ ਦੀ ਇਬਾਰਤ ਨੂੰ ਮੈਂ,
ਵਗਦੇ ਪਾਣੀ 'ਚ ਰੁੜ੍ਹਾ ਕੇ ਹਟਿਆਂ

ਉਸ ਦੀ ਮਹਿਫ਼ਿਲ 'ਚੋਂ ਮੈਂ ਮੁੜਿਆਂ ਹਾਂ ਹੁਣੇ
ਸਿਰ ਤਲੀ ਤੇ ਮੈਂ ਉਠਾ ਕੇ ਹਟਿਆਂ

***

## ਸਾਕੀ! ਤੇਰੀ ਨਗਰੀ

ਸਾਕੀ! ਤੇਰੀ ਨਗਰੀ ਦੇ ਮੈਖ਼ਾਨੇ ਤੰਗ।
ਮੈਅਖ਼ਾਰਾਂ ਦਾ ਸ਼ਿਕਵਾ ਹੈ ਪੈਮਾਨੇ ਤੰਗ।

ਹੁੰਦੇ ਆਏ ਅਜ਼ਲਾਂ ਤੋਂ ਦੀਵਾਨੇ ਤੰਗ।
ਕਰ ਨਾ ਸ਼ਮ੍ਹਾ ਤੂੰ ਏਨੇ ਪਰਵਾਨੇ ਤੰਗ।

ਹਰ ਫੁੱਲ ਉੱਤੇ ਲੱਟੂ ਨਾ ਹੋ ਐ ਤਿਤਲੀ!
ਕਰਨਗੇ ਤੈਨੂੰ ਇਕ ਦਿਨ ਇਹ ਯਾਰਾਨੇ ਤੰਗ।

ਔਖਾ-ਸੌਖਾ ਪਾ ਲੈ ਹੁਣ ਤੂੰ 'ਇਕਵਿੰਦਰ',
ਹੁੰਦੇ ਇਸ਼ਕ-ਮੁਹੱਬਤ ਦੇ ਦਸਤਾਨੇ ਤੰਗ।

ਆਪਣਿਆਂ ਨੇ ਜਿੰਨਾ ਕੀਤਾ 'ਇਕਵਿੰਦਰ',
ਅਕਸਰ ਏਨਾ ਕਰਦੇ ਨਾ ਬੇਗਾਨੇ ਤੰਗ।

***